
ਸੰਘਰਸ਼ ਸਲਾਖਾਂ 'ਤੇ ਸਜਣੀ



-ਗਜਿੰਦਰ ਸਿੰਘ



ਸਾਡੇ ਸਿਰਾਂ ਤੇ ਨਿਸ਼ਚਾ ਰੱਖ ਬਾਪੂ
ਕੁੱਬੀ ਹੋਣ ਨਾ ਦਿਆਂਗੇ ਕੰਡ ਤੇਰੀ

ਸ. ਗਜਿੰਦਰ ਸਿੰਘ ਦਾ ਨਾਮ ਸੁਣਦਿਆਂ ਹੀ ਮਨ ਵਿੱਚ ਇੱਕ ਅਜਿਹੇ ਸ਼ਖਸ਼ ਦੀ ਤਸਵੀਰ ਉੱਭਰ ਕੇ ਸਾਹਮਣੇ ਆ ਜਾਂਦੀ ਹੈ, ਜੋ ਕਹਿ ਰਿਹਾ ਹੋਵੇ ਕਿ ਜਿਸ ਨਿਸ਼ਾਨੇ ਨੂੰ ਮਿਥ ਕੇ ਅਸੀਂ ਤੁਰੇ ਸੀ...ਉਸ ਤੋਂ ਕਦੇ ਵੀ ਥੱਕਾਂਗੇ ਨਹੀਂ, ਥਿੜਕਾਂਗੇ ਨਹੀਂ, ਹਾਰਾਂਗੇ ਨਹੀਂ, ..."ਕਲਮ ਤੋਂ ਤਲਵਾਰ ਤੱਕ" ਇੱਕ ਲੰਬੇ ਕੌਮੀ ਸੰਘਰਸ਼ ਦੀ ਸਿਰਮੌਰ ਮਿਸਾਲ ਦਾ ਨਾਂ ਹੈ ਸ.ਗਜਿੰਦਰ ਸਿੰਘ......ਪੰਥ ਦੀ ਖਾਤਿਰ ਪਰਿਵਾਰ ਦਾ ਵਿਛੋੜਾ ਹੱਸ ਕੇ ਜ਼ਰਨ ਵਾਲੇ ਸਿਦਕੀ ਸਿੰਘ ਦਾ ਨਾਂ ਹੈ ਸ.ਗਜਿੰਦਰ ਸਿੰਘ......ਗਜਿੰਦਰ ਸਿੰਘ ਉਸ ਧੀ ਦਾ ਪਿਤਾ ਹੈ ਜਿਸਨੂੰ ਨਾ ਤਾਂ ਬਚਪਨ ਵਿੱਚ ਪਿਓ ਦਾ ਪਿਆਰ ਨਸੀਬ ਹੋਇਆ...'ਤੇ ਜਦੋਂ ਹਰ ਇੱਕ ਮਾਂ-ਬਾਪ ਵਾਂਗ ਦੁਨਿਆਵੀ ਫ਼ਰਜ਼ ਨਿਭਾਉਣ ਦਾ ਸਮਾਂ ਆਇਆ ਤਾਂ ਉਸ ਦੇ ਮਾਤਾ-ਪਿਤਾ ਤੋਂ ਉਸ ਨੂੰ ਹੱਥੀਂ ਕੰਨਿਆਂ ਦਾਨ ਕਰਨ ਦਾ ਹੱਕ ਵੀ ਖੋਹ ਲਿਆ ਗਿਆ......"ਮਨੁੱਖੀ ਹੱਕਾਂ ਤੋਂ ਵਾਂਝੇ ਕਰ ਦਿੱਤੇ ਗਏ ਇੱਕ ਮਾਣਮੱਤੇ ਮਨੁੱਖ ਦਾ ਨਾਂ ਹੈ ਸ.ਗਜਿੰਦਰ ਸਿੰਘ......"

ਮੈਂ ਉਹਨਾਂ ਬਾਰੇ ਕੀ ਲਿਖਾਂ......ਬੇਸ਼ੱਕ ਕਦੇ ਮਿਲੇ ਤਾਂ ਨਹੀਂ...ਪਰ ਨਨਕਾਣੇ ਦੀ ਪਵਿੱਤਰ ਧਰਤੀ ਵੱਲੋਂ ਆਉਂਦੀਆਂ ਪੌਣਾ ਉਹਨਾਂ ਦੇ ਪਿਆਰ ਦਾ ਅਹਿਸਾਸ ਕਰਵਾਉਂਦੀਆਂ ਹਨ...ਉਧਰੋਂ ਆਉਂਦੀਆਂ ਹਵਾਵਾਂ 'ਚੋਂ ਕੌਮ ਦੀ ਚੜ੍ਹਦੀ ਕਲਾ ਲਈ ਉਨ੍ਹਾਂ ਵੱਲੋਂ ਕੀਤੀਆਂ ਦੁਆਵਾਂ ਸੁਣ ਸਕਦੇ ਹਾਂ......

ਸਰਦਾਰ ਸਾਹਿਬ ਦਾ ਇੱਕ ਨਿਸ਼ਾਨਾਂ, ਉਨ੍ਹਾਂ ਦੀ ਇੱਕ ਦ੍ਰਿੜ੍ਹਤਾ, ਉਨ੍ਹਾਂ ਦਾ ਇੱਕ ਆਸ਼ਾ, ਉਨ੍ਹਾਂ ਦਾ ਇੱਕ ਉਦੇਸ਼........ "Lived with PRIDE...Died for Religion"......ਵਾਹਿਗੁਰੂ ਇਸ ਅਣਖੀਲੇ ਸ਼ੇਰ ਨੂੰ ਚੜ੍ਹਦੀ ਕਲਾ ਬਖਸ਼ੇ......ਆਮੀਨ

-ਸੁਖਦੀਪ ਸਿੰਘ ਬਰਨਾਲਾ

SANGHARSH SILAKHAN TE SAJNI

By : Gajinder Singh

Editor : Sukhdeep Singh Barnala

Sangharsh silakhan te sajni by Gajinder Singh

Price	:	**100/-**
Title	:	Gurmat Pustak Bhandar
Publisher by	:	Baba Baghel Singh (Sarkar Khalsa) 5, Lion Street, South Hall, U.K. Ph : 0044 798 845 4137

ਪੁਸਤਕ ਮਿਲ ਦਾ ਪਤਾ

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

154, ਘੰਟਾ ਘਰ ਮਾਰਕੀਟ, (ਸਕੂਟਰ ਸਟੈਂਡ ਦੇ ਉਪਰ), ਅੰਮ੍ਰਿਤਸਰ।

ਫ਼ੋਨ : 0183-5101231, 98726-58302, 98151-61234

ਤਤਕਰਾ

ਸਮਰਪਣ

ਮੌਜੂਦਾ ਸਿੱਖ ਸੰਘਰਸ਼ ਦੌਰਾਨ

ਸ਼ਹਾਦਤਾਂ ਪਾਉਣ ਵਾਲੇ

ਅਤੇ

ਸ਼ਿਲਾਖਾਂ ਪਿੱਛੇ ਬੰਦ

ਸਮੂਹ ਜੁਝਾਰੂ ਯੋਧਿਆਂ ਦੇ ਨਾ

ਸ਼ਾਇਰ ਵਲੋਂ

ਕੁਝ ਸਮਾਂ ਪਹਿਲਾਂ ਦੀ ਗੱਲ ਹੈ, ਚੰਡੀਗੜ੍ਹ ਸ਼ਹਿਰ ਦੀਆਂ ਯਾਦਾਂ ਨਾਲ ਜੁੜੇ ਇੱਕ ਸ਼ਾਇਰ ਮਿੱਤਰ ਨਾਲ ਮੁਲਾਕਾਤ ਹੋਈ। ਉਸ ਨੇ ਮੇਰੀ ਜ਼ਿੰਦਗੀ ਦੇ ਸੰਘਰਸ਼ ਤੇ ਸ਼ਾਇਰੀ ਦੇ ਹਵਾਲੇ ਨਾਲ ਪੁੱਛਿਆ, "ਗਜਿੰਦਰ ਕਦੇ ਇਕਲਾਪਾ ਮਹਿਸੂਸ ਨਹੀਂ ਹੋਇਆ?" ਮੇਰਾ ਜਵਾਬ ਸੀ, "ਡਾਕਟਰ ਸਾਹਬ ਜੀ ਤੁਸੀਂ ਮੇਰੀਆਂ 'ਸੂਰਜ ਤੇ ਖ਼ਾਲਿਸਤਾਨ' ਤੋਂ ਬਾਦ ਦੀਆਂ ਨਜ਼ਮਾਂ ਪੜ੍ਹੀਆਂ ਹੁੰਦੀਆਂ, ਤਾਂ ਇਹ ਸਵਾਲ ਨਹੀਂ ਸੀ ਕਰਨਾ"।

ਘਰ ਛਡਿਆਂ 27/28 ਸਾਲ (ਡਾਕਟਰ ਸਾਹਬ ਨਾਲ ਗੱਲ ਬਾਤ ਵੇਲੇ 21/22 ਸਾਲ ਹੋਏ ਸਨ) ਹੋ ਗਏ ਹਨ, ਤੇ ਇਹਨਾਂ ਸਾਲਾਂ ਵਿੱਚ ਕਈ ਦੌਰ ਆਏ ਤੇ ਲੰਘ ਗਏ ਹਨ, ਤਹਿਰੀਕ ਦੇ ਹਵਾਲੇ ਨਾਲ ਵੀ, ਤੇ ਜ਼ਾਤੀ ਜ਼ਿੰਦਗੀ ਦੇ ਹਵਾਲੇ ਨਾਲ ਵੀ। ਕਈ ਵਾਰੀ ਆਪਣੀ ਹੀ ਰਾਖ ਚੋਂ ਮੁੜ ਮੁੜ ਪੈਦਾ ਹੋਣ ਵਾਲੇ ਪੰਛੀ ਕੁਕਨੁਸ ਵਾਂਗ ਮਰ ਮਰ ਜੰਮੇ ਹਾਂ। ਸ਼ੁੱਕਰ ਹੈ ਰੱਬ ਸੱਚੇ ਦਾ ਕਿ ਅੱਜ ਵੀ ਜੀਂਦੇ ਜਾਗਦੇ ਹਾਂ, ਉਸ ਨੇ ਰੂਹ ਦੀ ਆਜ਼ਾਦੀ ਤੇ ਚਾਲ ਦੀ ਮਟਕ ਦੋਵੇਂ ਕਾਇਮ ਦਾਇਮ ਰੱਖੀਆਂ ਨੇਂ।

ਇਨਸਾਨੀ ਜ਼ਿੰਦਗੀ ਵਿੱਚ ਜੋ ਵੀ ਹੁੰਦਾ ਹੈ, ਦੁੱਖ ਸੁੱਖ, ਗ਼ਮੀਖੁਸ਼ੀ, ਵਿਛੋੜਾ ਮਿਲਾਪ ਆਦਿ, ਸਭ ਕੁਝ ਹੰਢਾਇਆ ਹੈ, ਮਹਿਸੂਸਿਆ ਹੈ, ਤੇ ਸਹਿਜ ਰੂਪ ਵਿੱਚ ਹੀ, ਇਹ ਸਭ ਕੁੱਝ ਮੇਰੀ ਸ਼ਾਇਰੀ ਦਾ ਹਿੱਸਾ ਬਣਦਾ ਰਿਹਾ ਹੈ। ਕਦੇ ਕਦੇ ਇਕੱਲ ਵਿੱਚ ਵੀ ਸਮੂਹ ਜਿਹੀ ਤਾਕਤ ਮਹਿਸੂਸਦਾ ਰਿਹਾ ਹਾਂ, ਤੇ ਕਦੇ ਅਨੇਕਾਂ ਸਾਥੀਆਂ ਵਿੱਚ ਘਿਰੇ ਹੋਣ ਦੇ ਬਾਵਜੂਦ ਇਕੱਲ। ਕਈ ਸੁਪਨੇ ਸਜਾਏ, ਤੇ ਕਈ ਤਿੜ੍ਹਕੇ ਨੇ, ਤੇ ਜਦੋਂ ਸੁਪਨੇ ਤਿੜ੍ਹਕਦੇ ਨੇ ਤਾਂ ਤਕਲੀਫ ਵੀ ਜ਼ਰੂਰ ਦਿੰਦੇ ਨੇ। ਪਿੱਛਲ ਝਾਤ ਮਾਰ ਕੇ ਦੋਸਤਾਂ ਮਿੱਤਰਾਂ ਬਾਰੇ ਸੋਚਦਾ ਹਾਂ, ਤਾਂ ਇੱਕ ਅਜੀਬ ਜਿਹਾ ਅਹਿਸਾਸ ਹੁੰਦਾ ਹੈ, ਸਮਝ ਹੀ ਨਹੀਂ ਪੈਂਦੀ ਕਿ ਆਪਣਾ ਕਿਸ ਨੂੰ ਗਿਣਾਂ, ਤੇ ਪਰਾਇਆ ਕਿਸ ਨੂੰ ਆਖਾਂ। ਜੋ ਨਾਲ ਤੁਰੇ ਆਉਂਦੇ ਨੇ, ਉਹ ਤਾਂ ਨਾਲ ਹਨ ਹੀ, ਸਾਥ ਛੱਡ ਜਾਣ ਵਾਲੇ ਵੀ ਪਰਾਏ ਨਹੀਂ ਲੱਗਦੇ। ਘਰ ਛੱਡਣ ਤੋਂ ਬਾਦ, ਤੇਰਾਂ ਸਾਲ ਤੋਂ ਕੁੱਝ ਵੱਧ ਜੇਲ੍ਹ ਵਿੱਚ ਬੀਤੇ ਨੇ, ਜੇਲ੍ਹ ਤੋਂ ਬਾਹਰ ਆਏ, ਤਾਂ ਸੰਘਰਸ਼ ਦਾ ਇੱਕ ਨਵਾਂ ਦੌਰ ਅੱਗੇ ਉਡੀਕਦਾ ਮਿਲਿਆ। ਸੰਘਰਸ਼ ਤੋਂ ਮੂੰਹ ਮੋੜ ਕੇ ਜ਼ਿੰਦਗੀ ਜਿਉਣ ਬਾਰੇ ਸੋਚਣਾ, ਆਤਮਾ ਨੇ ਕਦੇ ਗਵਾਰਾ ਨਹੀਂ ਕੀਤਾ, ਇਸ ਲਈ ਅੱਗੇ ਮਿਲੇ ਦੌਰ ਨੂੰ ਗਲ ਲਾਇਆ ਤੇ ਇੱਕ ਨਵਾਂ ਸਫਰ ਸ਼ੁਰੂ ਕਰ ਦਿੱਤਾ। ਇਸ ਦੌਰ ਨੇ ਲਿੱਖਣ ਪੜ੍ਹਨ ਦਾ ਅੱਜ ਤੱਕ ਕੋਈ ਬਹੁਤਾ ਮੌਕਾ ਨਹੀਂ ਦਿੱਤਾ, ਬਸ ਕਦੇ ਕਦੇ ਜਜ਼ਬਾਤ ਦੀ ਕਿਸੇ ਸ਼ਿਦੱਤ ਵਿੱਚ ਥੋੜਾ ਬਹੁਤ ਲਿਖਿਆ ਹੈ। ਇਸ ਹੱਥਲੇ ਕਾਵਿ-ਸੰਗ੍ਰਹਿ ਵਿੱਚ ਜੋ ਕਵਿਤਾਵਾਂ ਹਨ, ਉਹ ਬਹੁਤੀਆਂ ਜੇਲ੍ਹ ਵਿੱਚ ਹੀ ਲਿੱਖੀਆਂ ਹੋਈਆ ਹਨ, "ਸੂਰਜ ਤੇ ਖ਼ਾਲਿਸਤਾਨ" ਕਾਵਿ ਸੰਗ੍ਰਹਿ ਤੋਂ ਬਾਦ। ਕੇਵਲ ਚੰਦ ਕਵਿਤਾਵਾਂ ਤੇ ਕਾਵਿ-ਟੋਟੇ ਹੀ ਜੇਲ੍ਹ ਤੋਂ ਬਾਦ ਦੀ ਜ਼ਿੰਦਗੀ ਦੇ ਲਿਖੇ ਹੋਏ ਹਨ।

ਲੰਮੇ ਸਫਰ ਕਦੇ ਕਦੇ ਅਕਾ ਥਕਾ ਵੀ ਦਿਆ ਕਰਦੇ ਹਨ, ਪਰ ਅਸਲ ਗੱਲ ਅੰਦਰ ਦੀ ਉਹ ਲੋਅ ਹੁੰਦੀ ਹੈ, ਜੋ ਤੁਹਾਨੂੰ ਤੁਰੇ ਰਹਿਣ ਲਈ ਰੋਸ਼ਨੀ ਵੀ ਦਿੰਦੀ ਹੈ, ਤੇ ਹਿੰਮਤ ਵੀ।

ਸ਼ੁਕਰ ਹੈ ਰੱਬ ਦਾ ਕਿ ਉਸ ਨੇ ਇਹ ਲੋਅ ਕਦੇ ਨਹੀਂ ਬੁੱਝਣ ਦਿੱਤੀ।

ਪਿੱਛੇ ਜਿਹੇ "ਸਾਡੇ ਦੇਸ਼" ਦੇ ਹੁਕਮਰਾਨਾ ਨੇ ਇੰਨੀ ਚਾਹਤ ਦਾ ਮੁਜ਼ਾਹਰਾ ਕੀਤਾ, ਕਿ ਦਾਸ ਦਾ ਨਾਮ ਵੀ "ਮੋਸਟ ਵਾਂਟਿੱਡ" ਦੀ ਲਿਸਟ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਇਸ ਬਾਰੇ ਇਸ ਤੋਂ ਵੱਧ ਕੀ ਆਖਾਂ ਕਿ "ਰੱਖੇ ਰੱਬ ਤੇ ਮਾਰੇ ਕੌਣ"। ਮੋਸਟ ਵਾਂਟਿਡ ਦਾ ਇਹ ਲਫ਼ਜ਼ ਅੱਜ ਕੱਲ ਮੇਰੀ ਨਵੀਂ ਪਛਾਣ ਬਣ ਗਿਆ ਹੈ, ਪਰ ਦੋਸਤੋ, ਮਿੱਤਰੋ, ਤੇ ਪਿਆਰ ਕਰਨ ਵਾਲਿਓ, ਗਜਿੰਦਰ ਸਿੰਘ ਅੱਜ ਵੀ ਚੰਡੀਗੜ੍ਹ ਦੀਆਂ ਸੜਕਾਂ ਤੇ ਤੁਰਦਾ ਫਿਰਦਾ ਮੁਹਬੱਤਾਂ ਪਾਲਣ ਵਾਲਾ ਤੇ ਖ਼ਾਲਿਸਤਾਨ ਖ਼ਾਲਿਸਤਾਨ ਕੂਕਣ ਵਾਲਾ ਪੁਰਾਣਾ ਤੇ ਆਮ ਜਿਹਾ ਗਜਿੰਦਰ ਸਿੰਘ ਹੀ ਹੈ। ....ਤੇ ਯਕੀਨ ਜਾਣਿਓ ਉਹ ਰੋਜ਼ ਅਰਦਾਸ ਕਰਦਾ ਹੈ, ਇਵੇਂ ਹੀ ਸਾਦਗੀ ਤੇ ਮਾਣਮੱਤੇ ਤਰੀਕੇ ਨਾਲ ਮਰਨ ਦੀ।

ਸੁਪਨੇ ਲੈਣੋ ਸਾਨੂੰ ਕੋਈ ਨਹੀਂ ਰੋਕ ਸਕਦਾ, ਤੇ ਜੇ ਅਸੀਂ ਆਪਣੀ ਜ਼ਿੰਦਗੀ ਵਿੱਚ ਆਪਣਾ ਸੁਪਨਾ ਸਾਕਾਰ ਨਾ ਕਰ ਸਕੇ, ਤਾਂ ਵਿਰਾਸਤ ਵਿੱਚ ਸੁਪਨਾ ਸਾਕਾਰ ਕਰਨ ਦੀ ਤੜਪ ਜ਼ਰੂਰ ਛੱਡ ਕੇ ਜਾਵਾਂਗੇ। ਆਪਣੀਆਂ ਕਵਿਤਾਵਾਂ ਬਾਰੇ ਮੈਂ ਕੁੱਝ ਨਹੀਂ ਕਹਿਣਾ ਚਾਹੁੰਦਾ, ਜਦੋਂ ਜਦੋਂ, ਜਿਵੇਂ ਜਿਵੇਂ ਮਹਿਸੂਸਿਆ ਹੈ, ਉਵੇਂ ਉਵੇਂ ਲਿਖਿਆ ਹੈ। ਜਾਣ ਬੁੱਝ ਕੇ ਕਦੇ ਗੱਲ ਨੂੰ ਵਧਾਇਆ ਵੀ ਨਹੀਂ ਤੇ ਛੁਪਾਇਆ ਵੀ ਨਹੀਂ। ਚੰਗਾ ਲੱਗਣਾ ਜਾਂ ਮਾੜਾ ਲੱਗਣਾ, ਆਪ ਤੇ ਨਿਰਭਰ ਹੋਵੇਗਾ। ਮੈਂ ਹਰ ਤਰ੍ਹਾਂ ਦੀ ਰਾਏ ਦੇ ਇਜ਼ਹਾਰ ਨੂੰ ਜੀ ਆਇਆਂ ਆਖਾਂਗਾ।

ਤੁਹਾਡੀ ਮੁਹਬੱਤ ਦਾ ਤਲਬਗਾਰ ਤੇ ਅਰਦਾਸਾਂ ਦਾ ਖਵਾਹਿਸ਼ਮੰਦ ....

ਗਜਿੰਦਰ ਸਿੰਘ
gajinder5singh@yahoo.com

ਆਏ ਰੁੱਤ ਨਵੀਂ

ਇੱਕ ਰੁੱਤ ਆਈ
ਇੱਕ ਬੀਤ ਗਈ
ਫਿਰ ਫੁੱਲ ਖਿੜ੍ਹੇ
ਹੋਏ ਪੱਤ ਹਰੇ
ਇੱਕ ਮੌਸਮ ਆਇਆ
ਬੀਤ ਗਿਆ
ਪਰ ਸਾਤੋਂ ਰਿਹਾ
ਉਹ ਪਰੇ ਪਰੇ
ਸਾਡੇ ਲਈ ਇਹ ਕੀ ਪੱਤਝੜ੍ਹ
ਕੀ ਸੁੱਕੇ ਪਤਿਆਂ ਦੀ ਖੜ੍ਹ ਖੜ੍ਹ
ਕੀ ਹਰਿਆਲੀ ਪਤਿਆਂ ਦੀ
ਕੀ ਫੁੱਲਾਂ ਦੀ ਖੁਸ਼ਬੋਈ ਹੈ
ਉਹੀ ਸੀਖਾਂ ਉਹੀ ਤਾਲਾ
ਕੁੱਝ ਨਵਾਂ ਨਹੀਂ ਸੱਭ ਉਹੀ ਹੈ
ਉਹੀ ਸਾੜ੍ਹਾ
ਉਹੀ ਪਾੜ੍ਹਾ
ਉਹੀ ਤੰਗ ਨਜ਼ਰ ਸਿਆਸਤ ਹੈ
ਇਹ ਲੋਕ ਕਿਹੇ
ਇਹ ਸੋਚ ਕਿਹੀ
ਇਹ ਕੈਸੀ ਨਵੀਂ ਰਿਆਸਤ ਹੈ

ਹੈ ਚਾਹ ਦਿੱਲ ਨੂੰ
ਹੈ ਇੰਤਜ਼ਾਰ
ਆਏ ਰੁੱਤ ਨਵੀਂ
ਪੱਤ ਹਰੇ ਹਰੇ
ਫੁੱਲ ਖਿੜ੍ਹੇ ਖਿੜ੍ਹੇ
ਨਵੀਆਂ ਮਹਿਕਾਂ
ਨਵੀਆਂ ਸੋਚਾਂ
ਪਿਆਰਾਂ ਭਰੀਆਂ

ਅਪਣੱਤ ਭਰੀਆਂ
ਤੰਗ ਨਜ਼ਰ ਨਹੀਂ
ਖੁੱਲ੍ਹੀਆ ਡੁੱਲ੍ਹੀਆਂ
ਇਹੀ ਚਾਹਾਂ
ਇਹੀ ਲੋਚਾਂ
ਨਵੀਆਂ ਮਹਿਕਾਂ
ਨਵੀਆਂ ਸੋਚਾਂ
ਹੈ ਚਾਹ ਦਿੱਲ ਨੂੰ
ਹੈ ਇੰਤਜ਼ਾਰ.................... 12-3-1986

ਇਹ ਕੈਸੀ ਜ਼ਿੰਦਗੀ ਹੈ

ਇਹ ਕੈਸੀ ਜ਼ਿੰਦਗੀ ਹੈ
ਤੇ ਕੈਸੇ ਲੋਕ ਹਨ ਇਹ
ਇਹ ਉਹ ਤਾਂ ਨਹੀਂ ਹਨ
ਸੁਣਿਆਂ ਸੀ ਜਿਹਨਾਂ ਬਾਰੇ
ਇਹ ਉਹ ਤਾਂ ਨਹੀਂ ਹਨ
ਪੜ੍ਹਿਆ ਸੀ ਜਿਹਨਾਂ ਬਾਰੇ
ਜਿਹਨਾਂ ਦੇ ਬਾਰੇ ਪੜ੍ਹ ਕੇ
ਜਿਹਨਾਂ ਦੇ ਬਾਰੇ ਸੁਣ ਕੇ
ਮੈਂ ਤੁਰ ਪਿਆ ਸਾਂ ਘਰ ਸਾਂ
ਇੱਕ ਘਰ ਬਣਾਉਣ ਖਾਤਰ
ਪਵਿੱਤਰ ਧਰਤ ਤੇ ਤੇਰੀ
ਤੇਰੇ ਝੰਡੇ ਝੁਲਾਉਣ ਖਾਤਰ
ਤੇਰੇ ਨਾਮ ਦੇ ਹੀ ਸਿੱਕੇ ਚਲਾਉਣ ਖਾਤਰ
ਜੋ ਅੱਜ ਦੇਖਦਾ ਹਾਂ
ਜੋ ਪੜ੍ਹ ਸੁਣ ਰਿਹਾ ਹਾਂ
ਜਿਹਨਾਂ 'ਚ ਰਹਿ ਰਿਹਾ ਹਾਂ
ਜਿਹਨਾਂ 'ਚ ਘਿਰ ਗਿਆ ਹਾਂ
ਇਹ ਉਹ ਤਾਂ ਨਹੀਂ ਹਨ
ਇਹ ਤਾਂ ਹੋਰ ਹੀ ਹਨ
ਬੰਦੇ ਨਹੀਂ ਹਨ ਤੇਰੇ
ਨਾਵਾਂ ਦੇ ਚੋਰ ਹੀ ਹਨ
ਝੂਠੀ ਹਨ ਜਾਂ ਸੱਚੀ
ਅਖਬਾਰ ਦੀ ਖਬਰ ਹਨ
ਸ਼ੋਹਰਤ ਦੀ ਲਾਲਸਾ ਹਨ
ਸਚਾਈ ਦੀ ਕਬਰ ਹਨ
ਇਹ ਕੈਸੀ ਜ਼ਿੰਦਗੀ ਹੈ
ਤੇ ਕੈਸੇ ਲੋਕ ਹਨ ਇਹ

+ (24-2-1986)

ਜੱਦ ਚਾਨਣ ਮੂੰਹ ਛੁਪਾਂਦਾ ਹੈ

ਜੱਦ ਚਾਨਣ ਮੂੰਹ ਛੁਪਾਂਦਾ ਹੈ
ਜੱਦ ਨੇਰ੍ਹਾ ਰੰਗ ਵਿਖਾਂਦਾ ਹੈ
ਮੇਰੇ ਦਿੱਲ ਵਿੱਚ ਹੱਲਚੱਲ ਮੱਚਦੀ ਹੈ
ਫਿਰ ਯਾਦ ਕੋਈ ਡਾਢਾ ਆਂਦਾ ਹੈ
ਜਦੋਂ ਤਾਰੇ ਝਿੱਲ ਮਿੱਲ ਕਰਦੇ ਨੇ
ਜਦੋਂ ਚੰਨ੍ਹ ਆ ਕੇ ਮੁਸਕਾਂਦਾ ਹੈ
ਮੇਰੇ ਦਿੱਲ ਵਿੱਚ ਹੱਲਚੱਲ ਮੱਚਦੀ ਹੈ
ਫਿਰ ਯਾਦ ਕੋਈ ਡਾਢਾ ਆਂਦਾ ਹੈ
ਜੱਦ ਠੰਡੀਆਂ ਹਵਾਵਾਂ ਚੱਲਦੀਆਂ ਨੇ
ਜੱਦ ਚਾਨਣ, ਚੰਨ੍ਹ ਵਰਾਉਂਦਾ ਹੈ
ਮੇਰੇ ਦਿੱਲ ਵਿੱਚ ਹੱਲਚੱਲ ਮੱਚਦੀ ਹੈ
ਫਿਰ ਯਾਦ ਕੋਈ ਡਾਢਾ ਆਂਦਾ ਹੈ
ਜੱਦ ਅੱਖੀਆਂ ਬੰਦ ਹੋ ਜਾਂਦੀਆਂ ਨੇ
ਕੋਈ ਸੁਪਨੇ ਵਿੱਚ ਆ ਜਾਂਦਾ ਹੈ
ਸਰਹੱਦ ਦੇ ਪਾਰੋਂ ਦੂਰ ਕੋਈ
ਮੈਨੂੰ ਬਾਹਾਂ ਖੋਲ੍ਹ ਬੁਲਾਂਦਾ ਹੈ
ਤਾਲਾ ਵੀ ਬੰਦ ਤੇ ਪਹਿਰਾ ਵੀ
ਕੋਈ ਧਾਹ ਗਲਵੱਕੜੀ ਪਾਂਦਾ ਹੈ
ਜੱਦ ਚਾਨਣ ਮੂੰਹ ਛੁਪਾਂਦਾ ਹੈ
ਜੱਦ ਨੇਰ੍ਹਾ ਰੰਗ ਵਿਖਾਂਦਾ ਹੈ
ਮੇਰੇ ਦਿੱਲ ਵਿੱਚ ਹੱਲਚੱਲ ਮੱਚਦੀ ਹੈ
ਫਿਰ ਯਾਦ ਕੋਈ ਡਾਢਾ ਆਂਦਾ ਹੈ

+

ਦੁੱਖ ਸੁੱਖ ਦੀ ਸਾਂਝ

ਦੂਰ ਮੈਂ ਤੇਤੋਂ ਦੂਰ ਬਹੁਤ ਹਾਂ
ਮਾਂ ਮੈਂ ਅੱਜ ਮਜਬੂਰ ਬਹੁਤ ਹਾਂ
ਸੁਣ ਨਹੀਂ ਸਕਦਾ, ਕਹਿ ਨਹੀਂ ਸਕਦਾ
ਚੁੱਪ ਵੀ ਲੇਕਿਨ ਰਹਿ ਨਹੀਂ ਸਕਦਾ
ਜਦ ਵੀ ਕੋਈ ਦਰਦ ਸਤਾਵੇ
ਜਦ ਕੋਈ ਕੰਡਾ ਚੁੱਭ ਜਾਵੇ
ਦਿਲ ਚਾਹੇ ਤੈਨੂੰ ਦਰਦ ਸੁਣਾਵਾਂ
ਪੀੜ੍ਹ ਦੀ ਸਾਂਝ ਤੇਰੇ ਨਾਲ ਪਾਵਾਂ
ਤੂੰ ਮੇਰੇ ਦੁੱਖ ਸੁੱਖ ਦੀ ਸਾਂਝਣ
ਤੂੰ ਮਾਂ ਮੇਰੀ, ਮਹਿਰਮ ਮੇਰੀ
ਤੂ ਮੇਰੀ ਸਖਥਣ, ਤੂੰ ਕਮਜ਼ੋਰੀ
ਤੇਤੋਂ ਦੱਸ ਫਿਰ ਕਾਹਦੀ ਚੋਰੀ
ਮੇਰੇ ਲਾਗੋ ਜੋ ਹਵਾ ਚੱਲਦੀ ਹੈ
ਇਸ ਵਿੱਚ ਮਾਏ ਜ਼ਹਿਰ ਬਹੁਤ ਹੈ
ਮੈਨੂੰ ਤਾਂ ਇਹ ਖੜੀ ਹੈ ਲੱਗਦੀ
ਜਹਿਦੇ ਤੇਜ਼ "ਲਹਿਰ" ਬਹੁਤ ਹੈ
ਜਦੋਂ ਕਦੇ ਕੋਈ ਬੁੱਲ੍ਹਾ ਆਉਂਦੈ ਪਰਲੇ ਪਾਰੋਂ
ਉਸ ਵਿੱਚ ਮਾਏ ਮਹਿਕ ਨਹੀਂ ਹੁੰਦੀ
ਸਾਰੇ ਗ਼ੀਰ, ਪਰਾਏ ਸਾਰੇ
ਕੋਈ ਚਾਅ, ਕੋਈ ਸਹਿਕ ਨਹੀਂ ਹੁੰਦੀ
ਦਰਦ ਕੌਮ ਦੇ ਦਰਦ ਮੇਰੇ ਨੇ
ਕੌਮ ਦੀ ਪੀੜਾ, ਮੇਰੀ ਪੀੜਾ
ਤੁਰਿਆ ਸਾਂ ਮਾਂ ਤੇਰੇ ਬੂਹਿਓਂ
ਪੀੜ੍ਹ ਹਰਨ ਦਾ ਚੁੱਕ ਕੇ ਬੀੜਾ
ਪਰ ਵਕਤ ਨੇ ਮਾਏ ਰੰਗ ਬਦਲੇ ਨੇ
ਲੋਕਾਂ ਨੇ ਸੱਭ ਢੰਗ ਬਦਲੇ ਨੇ
ਬਦਲੇ ਰੁੱਖ ਹਵਾਵਾਂ ਨੇ ਵੀ
ਗ਼ੈਰਾਂ ਕੀ, ਭਰਾਵਾਂ ਨੇ ਵੀ
ਇਹੀ ਪੀੜਾ ਤੇ ਇਹੀ ਦਰਦ ਹੈ

ਨਿੱਘ ਤੋਂ ਸੱਖਣੀ ਰੁੱਤ ਸਰਦ ਹੈ
ਹਾਂ ਮਾਏ ਮੇਰੀ ਪੀੜ੍ਹ ਇਹੀ ਹੈ
ਹਾਂ ਮਾਏ ਮੇਰਾ ਦਰਦ ਇਹੀ ਹੈ
ਰੁੱਤ ਸਰਦ ਤੇ ਡਾਢਾ ਪਾਲਾ
ਪਰ ਮੇਰੇ ਅੰਦਰ ਇੱਕ ਟੋਟਾ ਸੂਰਜ ਮੱਘਦਾ ਹੈ
ਰਾਤ ਲੰਮੀ ਤੇ ਘੁੱਪ ਹਨੇਰਾ
ਪਰ ਮੇਰੇ ਅੰਦਰ ਚੰਨ੍ਹ ਵਰਗਾ ਦੀਵਾ ਜੱਗਦਾ ਹੈ
ਮਾਏ ਮੈਂ ਦੁੱਖ ਸੁੱਖ ਸਾਂਝਾ ਕੀਤਾ
ਮਾਏ ਮੈਂ ਆਪਣਾ ਦਰਦ ਵੰਡਾਇਆ
ਤੂੰ ਤਾਂ ਭਾਵੇਂ ਆ ਨਹੀ ਸਕਦੀ
ਯਾਦ ਤੇਰੀ ਨੂੰ ਸੱਦ ਬੁਲਾਇਆ
ਦੂਰ ਮੈਂ ਤੇਤੋਂ ਦੂਰ ਬਹੁਤ ਹਾਂ
ਮਾਂ ਮੈਂ ਅੱਜ ਮਜਬੂਰ ਬਹੁਤ ਹਾਂ

+

18-3-1986

ਜੇਲ੍ਹ ਦੀ ਚਾਰ ਦਿਵਾਰੀ ਵਿੱਚ, ਆਪਣੀ ਬੈਰਕ ਵਿੱਚ ਖਿੜ੍ਹੇ ਫੁੱਲਾਂ ਦੇ ਨਾਮ

ਖਿੜ੍ਹੇ ਫੁੱਲਾਂ ਦੇ ਨਾਮ

ਸੱਖਣੀ ਸੱਖਣੀ
ਤੇ ਉਜੜੀ ਉਜੜੀ
ਬੇ-ਰੰਸ ਜਿਹੀ
ਬੇ-ਵੱਸ ਜਿਹੀ
ਅੱਜ ਜ਼ਿੰਦਗੀ ਹੈ
ਇਹੀ ਜ਼ਿੰਦਗੀ ਹੈ
ਬਸ ਗੁਜ਼ਰ ਰਹੀ ਹੈ
ਬਸ ਗੁਜ਼ਰ ਰਹੀ ਹੈ
ਕੁੱਝ ਨਹੀਂ ਹੈ
ਫਿਰ ਵੀ ਐਪਰ
ਫੁੱਲ ਨਜ਼ਰ ਨੂੰ
ਮੋਹ ਰਹੇ ਨੇ
ਰੰਗ ਬਿਰੰਗੇ
ਮਹਿਕ ਵੰਡਦੇ
ਖਿੜੇ ਖਿੜੇ
ਖੁਸ਼ ਹੋ ਰਹੇ ਨੇ
ਰੂਪ ਹਨ ਇਹ
ਜ਼ਿੰਦਗੀ ਦਾ
ਕਿਰਨ ਹਨ ਉਮੀਦ ਦੀ
ਖੇੜਿਆਂ ਦੀ
ਹਾਸਿਆਂ ਦੀ
ਨਾਂਹ ਮੁੱਕਣ ਵਾਲੀ
ਖਾਣ ਹਨ
ਰੋਸ਼ਨੀ ਦੀ
ਜਜ਼ਬਿਆਂ ਦੀ
ਜਾਣ ਤੇ
ਪਹਿਚਾਣ ਹਨ

+

20-3-1986

ਜੱਦ ਉੱਠੇ ਸਾਂ

ਜੱਦ ਉੱਠੇ ਸਾਂ
ਜੱਦ ਤੁਰੇ ਸਾਂ ਘਰੋਂ
ਲੋਕਾਂ ਨੇ ਯਾਰੋ
ਬਹੁਤ ਕੁੱਝ ਕਿਹਾ ਸੀ
ਕੋਈ ਹਸਿਆ ਸੀ
ਸਿਰ ਫਿਰੇ ਸਮਝ ਕੇ
ਪਾਗ਼ਲ ਸਮਝ ਕੇ
ਕੋਈ ਚੁੱਪ ਰਿਹਾ ਸੀ
ਕਿਸੇ ਨੇ ਕਿਹਾ
ਛੋਕਰੇ ਹਨ ਸ਼ਹਿਰ ਦੇ
ਕਿਸੇ ਨੇ ਕਿਹਾ
ਹਨ ਵਪਾਰੀ ਜ਼ਹਿਰ ਦੇ
ਕਿਸੇ ਨੇ ਕਿਹਾ
"ਏਜੰਟ" ਹਨ ਫਲਾਂ ਦੇ
ਕਿਸੇ ਨੇ ਕਿਹਾ
ਉਪਜ ਹਨ ਮੌਸਮਾਂ ਦੇ
'ਦਲ ਖਾਲਸਾ'
ਔਖਾ ਹੈ ਅੱਖਵਾਣਾ
ਕਿਸੇ ਕਿਹਾ ਤੁਸਾਂ
ਪਿੜ ਛੱਡ ਭੱਜ ਜਾਣਾ
ਬਹੁਤ ਕੁੱਝ ਕਿਹਾ
ਲੋਕਾਂ ਸੱਬ ਕੁੱਝ ਕਿਹਾ
ਪਰ ਕਾਫਲਾ
ਯਾਰੋ ਤੁਰਦਾ ਰਿਹਾ
ਜੋ ਉਹਨਾਂ ਨੇ ਚਾਹਿਆ
ਉਹ ਕਹਿੰਦੇ ਰਹੇ
ਅਸੀਂ ਵੱਧਦੇ ਰਹੇ
ਗਿਰਦੇ ਢਹਿੰਦੇ ਰਹੇ
ਆਜ਼ਾਦੀ ਦੀ ਧੁੰਨ ਸੀ

ਭਾਵੀ ਬੜੀ
ਖਾਲੀ ਹੱਥ ਸਾਂ
ਸੀ ਲੜਾਈ ਕੜੀ
ਨਿਸਚਾ ਸੀ ਪੱਕਾ
ਭਰੋਸਾ ਸੀ "ਉਸਦਾ"
ਹੱਸਦੇ ਖੇਡਦੇ
ਇਹ ਲੜਾਈ ਲੜੀ
ਤਾਲਾ ਹੈ ਬੰਦ
ਫਿਰ ਵੀ ਜਾਰੀ ਹੈ ਜੰਗ
ਬਦਲ ਗਏ ਨੇ
ਭਾਵੇਂ ਮੌਸਮ ਦੇ ਰੰਗ
ਮੌਸਮ ਦੇ ਰੰਗ
ਫਿਰ ਬਦਲ ਜਾਣਗੇ
ਹਵਾਵਾਂ ਦੇ ਬੁੱਲ੍ਹੇ
ਅੱਜ ਲੱਗਦੇ ਨੇ ਭੁੱਲੇ
ਪਰ ਕੱਲ ਮੁੜ
ਸਾਡੇ ਗੀਤ ਗਾਣਗੇ
ਨਿਸਚਾ ਹੈ ਪੱਕਾ
ਭਰੋਸਾ ਹੈ "ਉਸਦਾ"
ਆਖਰੀ ਸਾਹ ਤੱਕ
ਲੜਾਂਗੇ ਲੜਾਈ
ਸਾਡੀ ਫਤਿਹ ਹੈ
ਫਤਿਹ ਸੱਚ ਦੀ
ਫਤਿਹ ਸਾਡੇ ਹਿੱਸੇ ਹੈ
ਧੁਰ ਤੋਂ ਹੀ ਆਈ
ਲੋਕਾਂ ਨੇ ਯਾਰੋ
ਬਹੁਤ ਕੁੱਝ ਕਿਹਾ ਸੀ

+

(31-3-1986)

ਯਾਦਾਂ ਦਾ ਸਰਮਾਇਆ

ਜੋ ਦਿੱਲ ਤੇ ਬੀਤਦੀ ਹੈ
ਉਹ ਮੈਂ ਹੀ ਜਾਨਦਾ ਹਾਂ
ਬਿਰਹਾ ਦੀ ਪੀੜ੍ਹ ਮਿੱਤਰਾ
ਜੋ ਚਿਰਾਂ ਤੋਂ ਮਾਣਦਾ ਹਾਂ
ਤੂੰ ਕੀ ਜਾਣੇ ਮਿੱਤਰਾ
ਮੇਰੇ ਜ਼ਖਮਾਂ ਦੀ ਡੂੰਘਾਈ
ਕਿਝ ਤੜ੍ਹਫਦਾ ਰਿਹਾ ਹਾਂ
ਕਿਝ ਪੀੜ੍ਹ ਹੈ ਹੰਢਾਈ
ਮੈਂ ਸਹਿਕ ਸਹਿਕ ਕੱਟੇ
ਕਿਝ ਦਿਨ ਕਿਝ ਰਾਤਾਂ
ਕਰਦਾ ਰਿਹਾ ਆਪੇ ਨਾਲ
ਕਿਝ ਪਿਆਰ ਭਰੀਆਂ ਬਾਤਾਂ
ਰਾਤਾਂ ਨੂੰ ਜਾਗ ਜਾਗ
ਕਿਝ ਸੁਪਨੇ ਸਜਾਏ ਮੈਂ
ਤੇ ਸੁਪਨਿਆਂ ਵਿੱਚ ਰੇਤ ਦੇ
ਕਿਝ ਘਰ ਬਣਾਏ ਮੈਂ
ਹਰ ਰੇਤ ਦੇ ਘਰ ਨੇ ਤਾਂ
ਟੁੱਟਣਾ ਹੀ ਸੀ ਕਦੇ ਤਾਂ
ਹਰ ਘਰ ਢਹਿਣ ਤੋਂ ਮਗ਼ਰੋਂ
ਨਵੇਂ ਜ਼ਖਮ ਖਾਏ ਮੈਂ
ਅੱਜ ਮੇਰੇ ਕੋਲ ਕੁੱਝ ਹੈ ਤਾਂ
ਬਸ ਯਾਦਾਂ ਦਾ ਹੈ ਸਰਮਾਇਆ
ਅੱਜ ਮੈਂ ਅਗਰ ਕੁੱਝ ਹਾਂ ਤਾਂ
ਹਾਂ ਉਮੀਦਾਂ ਦਾ ਵਪਾਰੀ
ਮੇਰੇ ਲਫ਼ਜ਼ ਲਹੂ ਦੇ ਕਤਰੇ
ਨਹੀਂ ਲਫ਼ਜ਼ਾਂ ਦਾ ਮਦਾਰੀ
ਜੱਦ ਕਲਮ ਚੁੱਕਦਾ ਹਾਂ
ਦਿੱਲ ਫੋਲਦਾ ਹਾਂ ਆਪਣਾ
ਕੋਈ ਜ਼ਖਮ ਹਰ ਨਜ਼ਮ ਲਈ

ਮੈਂ ਖੋਲਦਾ ਹਾ ਆਪਣਾ
ਜ਼ਖਮਾਂ ਨੂੰ ਦਿੱਲ ਦਿਆਂ ਨੂੰ
ਸੀਂਦਾ ਉਧੇੜਦਾ ਹਾਂ
ਬੀਤੇ ਵਕਤ ਦੀਆਂ ਗੱਲਾਂ
ਮੈਂ ਜੱਦ ਵੀ ਛੇੜਦਾ ਹਾਂ
ਜੋ ਦਿੱਲ ਤੇ ਬੀਤਦੀ ਹੈ
ਉਹ ਮੈਂ ਹੀ ਜਾਣਦਾ ਹਾਂ ....

+

(17-4-1986)

ਇੱਕ ਨਜ਼ਮ ਨਵੀਂ

ਜਦੋਂ ਕਾਲੇ ਆਵਾਰਾ ਬਦਲਾਂ ਨਾਲ
ਅਸਮਾਨ ਦਾ ਰੰਗ ਬਦਲਦਾ ਹੈ
ਪੌਣਾਂ ਵਿੱਚ ਠੰਡਕ ਘੁੱਲ ਜਾਂਦੀ
ਜਜ਼ਬਾ ਤੱਦ ਇਓਂ ਮਚਲਦਾ ਹੈ
ਫਿਰ ਕੁੱਝ ਵੀ ਯਾਦ ਨਹੀਂ ਰਹਿੰਦਾ
ਦਿੱਲ ਟਿੱਕ ਕੇ ਫੇਰ ਨਹੀਂ ਬਹਿੰਦਾ
ਉਡਦਾ ਹੈ ਵਿੱਚ ਅਸਮਾਨਾਂ ਦੇ
ਪੌਣਾਂ ਦੇ ਸੰਘ ਫਿਰੇ ਖਹਿੰਦਾ
ਬਸ ਯਾਦਾਂ, ਸੁਪਨੇ ਤੇ ਸਹਿਕਾਂ
ਮੈਂ ਗੱਲਵਕੜੀ ਵਿੱਚ ਲੈ ਚਹਿਕਾਂ
ਟਾਹਣੀ ਤੋਂ ਟੁਟਿਆ ਹਾਂ ਭਾਵੇਂ
ਪਰ ਏਸ ਘੜ੍ਹੀ ਟਹਿਕਾਂ, ਮਹਿਕਾਂ
ਇਹ ਮੌਸਮ ਡਾਢਾ ਜ਼ਾਲਮ ਹੈ
ਜ਼ੁਲਮ ਇਸ ਦੇ ਐਪਰ ਪਿਆਰੇ ਨੇ
ਇਹਦੀ ਪੀੜਾਂ ਮਿੱਠੀ ਮਿੱਠੀ ਹੈ
ਸਾਡੇ ਹੰਝੂ ਖਾਰੇ ਖਾਰੇ ਨੇ
ਆਪਣੀ ਬੇਬੱਸੀ ਤੇ ਜੱਦ ਆਖਰ
ਮੈਂ ਦੱਬ ਘੁੱਟ ਕੇ ਰਹਿ ਜਾਂਦਾ ਹਾਂ
ਚੁੱਕਦਾ ਹਾਂ ਕਲਮ ਤੇ ਕਾਗ਼ਜ਼ ਵੀ
ਇੱਕ ਨਜ਼ਮ ਨਵੀਂ ਕਹਿ ਜਾਂਦਾ ਹਾਂ

+

(25-4-1986)

ਕੈਦੀ ਮੈਂ ਹਾਂ ਜਾ ਤਾਰੇ ਹਨ

ਸੀਖਾਂ ਵਾਲਾ
ਇੱਕ ਦਰਵਾਜ਼ਾ
ਜਿਸ ਦੇ ਪਿੱਛੇ
ਮੈਂ ਖੜਾਂ ਹਾਂ
ਕਾਲੀ ਰਾਤ ਹੈ
ਤੇ ਚੁੱਪ ਚਾਂ
ਤਾਰਿਆਂ ਵੱਲ
ਵੇਖ ਰਿਹਾਂ
ਕੱਲ ਮੁਕੱਲਾ
ਗੁਮ ਸੁਮ ਹਾਂ
ਦੇਖ ਰਿਹਾਂ
ਸੋਚੀਂ ਪਿਆਂ
ਕੈਦੀ ਮੈਂ ਹਾਂ
ਜਾਂ ਤਾਰੇ ਹਨ
ਮੈਂ ਕੱਲਾ ਹਾਂ
ਉਹ ਸਾਰੇ ਹਨ
ਕਿੰਨੇ ਦੂਰ
ਕਿੰਨੇ ਪਿਆਰੇ ਹਨ
ਮੁਦੱਤ ਹੋਈ
ਚਿਰ ਹੋਇਆ ਹੈ
ਤਾਰਿਆਂ ਦੀ ਛਾਂ
ਅਸਾਂ ਮਾਣੀ ਨਾ
ਤਾਰਿਆਂ ਦੀ ਛਾਵੇਂ ਪੈ
ਯਾਰਾਂ ਦੀ ਢਾਣੀ ਵਿੱਚ ਬਹਿ
ਮਿੱਠੀਆਂ ਮਿੱਠੀਆਂ
ਪਿਆਰੀਆਂ ਪਿਆਰੀਆਂ
ਗੱਲਾਂ ਕਰਨਾ
ਨੀਂਦ ਨੇ ਆ

ਅੱਖਾਂ ਵਿੱਚ ਭਰਨਾ
ਗੱਲਾਂ ਕਰਦੇ
ਦੁੱਖ ਸੁੱਖ ਵੰਡਦੇ
ਤਾਰਿਆਂ ਦੀ ਛਾਵੇਂ
ਫਿਰ ਸੌਂ ਜਾਣਾ
ਮਿੱਠੀ ਮਿੱਠੀ
ਨੀਂਦ ਦਾ ਆਣਾ
ਯਾਦ ਆਉਂਦਾ ਹੈ
ਮਨ ਭਾਉਂਦਾ ਹੈ
ਮੇਰੇ ਮਿੱਤਰ ਹਨ ਚੰਨ੍ਹ ਤਾਰੇ
ਚੰਨ੍ਹ ਤਾਰੇ ਨੇ ਮੈਨੂੰ ਪਿਆਰੇ
ਹੋਇਆ ਕੀ ਜੇ
ਤਾਰਿਆਂ ਦੀ ਛਾਵੇਂ
ਬਹਿ ਨਹੀਂ ਸਕਦਾ
ਹੋਇਆ ਕੀ ਜੇ
ਦਰਦ ਦਿਲੇ ਦਾ ਸੁਣ ਨਹੀਂ ਸਕਦਾ
ਕਹਿ ਨਹੀਂ ਸਕਦਾ
ਦੇਖ ਤਾਂ ਸਕਦਾਂ
ਚਾਹੇ ਖੜੇ ਸੀਖਾਂ ਦੇ ਪਿੱਛੇ
ਬੁੱਝ ਜਾਂਦੀ ਹੈ ਨੈਣਾਂ ਦੀ ਪਿਆਸ
ਬਣੀ ਰਹਿੰਦੀ ਹੈ ਦਿਲੇ ਦੀ ਆਸ
ਕੈਦੀ ਮੈਂ ਹਾਂ
ਜਾਂ ਤਾਰੇ ਹਨ

+

(5-5-1986)

ਗ਼ਜ਼ਲ

ਹੁਣ ਤਾਂ ਹਰ ਵਕਤ ਤੇਰਾ ਇੰਤਜ਼ਾਰ ਰਹਿੰਦਾ ਹੈ
ਰਾਤ ਚੁੱਭਦੀ ਹੈ, ਦਿਨ ਬੇਕਰਾਰ ਰਹਿੰਦਾ ਹੈ
ਅਚਾਨਕ ਕਦੇ ਲੱਗਦਾ ਹੈ, ਤੂੰ ਆਈ ਹੈਂ
ਸੋਚ ਨਜ਼ਰ ਤੇ, ਤੇਰਾ ਚੇਹਰਾ ਸਵਾਰ ਰਹਿੰਦਾ ਹੈ
ਤੂੰ ਕਦੇ ਇਨੀ ਤਾਂ ਨਹੀਂ ਸੋਂ ਨੇੜੇ ਮੇਰੇ
ਵਜੂਦ ਤੇਰਾ ਅੱਜ ਕੱਲ ਦਿੱਲ ਦੇ ਦਵਾਰ ਰਹਿੰਦਾ ਹੈ
ਪਹਿਲਾਂ ਮੈਂ, ਤੈਨੂੰ ਪਾ ਕੇ ਵੀ ਪਾਇਆ ਨਹੀਂ ਸੀ
ਦੂਰ ਰਹਿ ਕੇ ਵੀ ਹੁਣ ਦਿੱਲ 'ਚ ਪਿਆਰ ਰਹਿੰਦਾ ਹੈ
ਮਾਂ ਹੈਂ ਮੇਰੀ ਬੇਟੀ ਦੀ ਮਹਿਬੂਬਾ ਮੇਰੀ
ਬੰਦ ਤਾਲੇ 'ਚ ਵੀ ਅਕਸਰ ਹੁਲਾਰ ਰਹਿੰਦਾ ਹੈ
ਪਿਆਰ ਹੈ, ਇੰਤਜ਼ਾਰ ਹੈ, ਚਿੰਤਾ ਨਹੀਂ ਹੈ
ਜੂਝਦੀ ਜ਼ਿੰਦਗੀ ਹੈ, ਗਜਿੰਦਰ ਜੁਝਾਰ ਰਹਿੰਦਾ ਹੈ
ਹੁਣ ਤਾਂ ਹਰ ਵਕਤ ਤੇਰਾ ਇੰਤਜ਼ਾਰ ਰਹਿੰਦਾ ਹੈ
ਰਾਤ ਚੁੱਭਦੀ ਹੈ, ਦਿਨ ਬੇਕਰਾਰ ਰਹਿੰਦਾ ਹੈ

+

(11-3-86)

ਰੱਬਾ ਰੱਬਾ ਮੀਂਹ ਵਸਾ

ਸੋਹਣਾ ਮੌਸਮ ਹੋਵੇ
ਤੇ ਇਕੱਲ ਹੋਵੇ
ਐਸੀ ਬੇ-ਬੱਸੀ ਦੀ ਰੱਬਾ ਗੱਲ ਹੋਵੇ
ਉਹ ਦੂਰ ਹੋਵੇ
ਮੈਂ ਮਜਬੂਰ ਹੋਵਾਂ
ਮਿਲਣ ਗਿਲਣ ਦਾ ਕੋਈ ਨਾ ਵੱਲ ਹੋਵੇ
ਕਿਣ ਮਿਣ ਲੱਗੀ ਹੋਵੇ
ਠੰਡੀ ਹਵਾ ਹੋਵੇ
ਸਾਡੇ ਸੀਨੇ ਵਿੱਚ ਧੜ੍ਕਦਾ ਦਿੱਲ ਹੋਵੇ
ਇਸ ਮਜਬੂਰੀ ਨੂੰ
ਰੱਬਾ ਕੀ ਨਾ ਦੇਵਾਂ
ਆਪਣਾ ਹੋਵੇ ਕੋਈ ਫਿਰ ਵੀ ਨਾ ਮਿੱਲ ਹੋਵੇ
ਯਾਦਾਂ ਨਾਲ ਵੱਸਣਾ
ਲੱਗੇ ਲੱਖ ਚੰਗਾ
ਸਿੱਕ ਛੋਹ ਦੀ ਐਪਰ ਰਹੇ ਸਦਾ ਡਾਢੀ
ਦਿੱਲ ਨੂੰ ਰੱਖੀਏ
ਬੰਨ੍ ਕੇ ਕੱਸ ਭਾਵੇਂ
ਕਿਣ ਮਿਣ ਲੱਗੇ ਤਾਂ ਇੱਕ ਨਾ ਚੱਲੇ ਸਾਡੀ
ਅਸੀਂ ਰੂਹਾਂ ਆਜ਼ਾਦ ਹਾਂ
ਦੋਸਤੋ ਓਏ
ਘੁੱਟ ਘੁੱਟ ਕੇ ਜਾਣ ਦੇ ਨਹੀਂ ਆਦੀ
ਪਿਆਰ ਕਰਨ ਵਾਲੇ
ਲੜ੍ਹ ਮਰਨ ਵਾਲੇ
ਹਾਰ, ਹਾਰ ਤੋਂ ਵੀ ਅਸਾਂ ਨਹੀਂ ਖਾਦੀ
ਖੁੱਲ੍ਹ ਖੇਲਣ ਵਾਲੇ
ਦਿੱਲ ਮੇਲਣ ਵਾਲੇ
ਪਹਿਰੇ ਦਿੱਲਾਂ ਉਤੇ ਅਸੀਂ ਸਹੇ ਨਹੀਂ
ਹੱਸਣ ਹੱਸਾਣ ਵਾਲੇ
ਦਿੱਲ ਲੁਟਾਣ ਵਾਲੇ

ਮੰਦੇ ਬੋਲ ਕਿਸੇ ਨੂੰ ਕਦੇ ਕਹੇ ਨਹੀਂ
ਰਾਤ ਕਾਲੀ ਹੈ
ਬੂਹੇ ਨੂੰ ਲੱਗਾ ਤਾਲਾ
ਸਾਡੇ ਦਿੱਲ ਵਿੱਚ ਹੈ ਚਾਨਣ ਦਾ ਵਾਸ ਐਪਰ
ਬੈਠੀ ਦੂਰ ਵੀ ਹੈ
ਮਜਬੂਰ ਵੀ ਹੈ
ਫਿਰ ਵੀ ਲੱਗਦੀ ਹੈ ਪਾਸ ਪਾਸ ਐਪਰ
ਰੱਬਾ ਰੱਬਾ ਮੀਂਹ ਵਸਾ
ਸਾਡੇ ਸੀਨੇ ਵੀ ਠੰਡ ਪਾ
ਦੂਰ ਬੈਠੇ ਨੂੰ ਪਾਸ ਲਿਆ
ਸਾਡਾ ਵੀ ਤਾਂ ਦਰਦ ਵੰਡਾ
ਰੱਬਾ ਰੱਬਾ ਮੀਂਹ ਵਸਾ
ਸਾਡੇ ਸੀਨੇ ਵੀ ਠੰਡ ਪਾ

ਸੋਹਣਾ ਮੌਸਮ ਹੋਵੇ
ਤੇ ਇਕੱਲ ਹੋਵੇ
ਐਸੀ ਬੇ-ਬੱਸੀ ਦੀ ਰੱਬਾ ਗੱਲ ਹੋਵੇ

+

11-7-1986

ਤੂੰ ਤੇ ਸਾਵਣ

ਆਇਆ ਸਾਵਣ
ਤੇ ਤੂੰ ਆਈ
ਲੂੰ ਲੂੰ ਖਿੜਿਆ
ਰੁੱਤ ਮੁਸਕਾਈ
ਸਾਨੂੰ ਚਾਅ ਚੜ੍ਹਿਆ
ਅਸੀਂ ਟਹਿਕ ਪਏ
ਸਾਡੇ ਦਿੱਲ ਦੇ ਵਿਹੜੇ
ਮਹਿਕ ਪਏ
ਜਿਓਂ ਤੱਕ ਬੱਦਲਾਂ ਨੂੰ
ਖਿੜ ਪੈਣਾ
ਕਣੀਆਂ ਨੂੰ
ਜੀਓ ਆਇਆਂ ਕਹਿਣਾ
ਰੁੱਤ ਆਈ
ਪਿਆਰ ਮਿਲਣੀਆਂ ਦੀ
ਬੱਦਲਾਂ ਦੀ
ਕਿਣ ਮਿਣ ਕਣੀਆਂ ਦੀ
ਆਈ ਹੈ ਰੁੱਤ
ਮੁਲਾਕਾਤਾਂ ਦੀ
ਕੁੱਝ ਪਿਆਰੀਆਂ
ਨਿੱਘੀਆਂ ਬਾਤਾਂ ਦੀ
ਗਲਵੱਕੜੀਆਂ ਦਾ
ਮੌਸਮ ਹੈ
ਇਹ ਰੁੱਤ ਹੈ
ਸਾਂਝੀਆਂ ਰਾਤਾਂ ਦੀ
ਆਇਆ ਸਾਵਣ
ਤੇ ਤੂੰ ਆਈ
ਲੂੰ ਲੂੰ ਖਿੜਿਆ
ਰੁੱਤ ਮੁਸਕਾਈ
ਇਹ ਘੱਟਾ ਚੜ੍ਹੀ

ਪਰ ਵਰ੍ਹੀ ਨਹੀਂ
ਖਾਲੀ ਗੱਲਵੱਕੜੀ
ਭਰੀ ਨਹੀਂ
ਅਸੀਂ ਮੀਂਹ ਵਰ੍ਹਦੇ ਵਿੱਚ
ਪਿਆਸੇ ਰਹੇ
ਸਾਡੇ ਦਰਦਾਂ ਭਿੱਜੇ
ਹਾਸੇ ਰਹੇ
ਆਇਆ ਸਾਵਣ
ਤੇ ਤੂੰ ਆਈ
ਲੂੰ ਲੂੰ ਖਿੜਿਆ
ਰੁੱਤ ਮੁਸਕਾਈ
ਤੂੰ ਨਾਲ ਨਹੀਂ
ਨੇੜ੍ਹੇ ਤਾਂ ਹੈਂ
ਜੇ ਛੋਹ ਨਹੀਂ
ਦੀਦਾਰ ਤਾਂ ਹੈ
ਦੀਦਾਰ ਤਾਂ ਹੈ
ਤੇਰਾ ਪਿਆ ਤਾਂ ਹੈ
ਬੰਦਸ਼ ਵੀ ਹੈ
ਮਜਬੂਰੀ ਵੀ
ਪਰ ਤੂੰ ਹੈਂ
ਤੇਰਾ ਪਿਆਰ ਤਾਂ ਹੈ
ਕਾਫੀ ਹੈ
ਕਾਫੀ ਹੈ, ਕਾਫੀ
ਦੀਦਾਰ ਤਾਂ ਹੈ
ਤੇਰਾ ਪਿਆਰ ਤਾਂ ਹੈ।

ਆਇਆ ਸਾਵਣ ਤੇ ਤੂੰ ਆਈ·
ਲੂੰ ਲੂੰ ਖਿੜਿਆ ਰੁੱਤ ਮੁਸਕਾਈ
\+ (26-7-1986)

ਬੱਚੀ ਬਿਕਰਮਜੀਤ ਦੇ ਨਾਮ

ਮੇਰੀ ਬੇਟੀ
ਤੂੰ ਆਈ ਹੈਂ
ਮੇਰੇ ਲਈ
ਖੁਸ਼ੀਆਂ ਲਿਆਈ ਹੈਂ
ਤੇਰਾ ਆਣਾ
ਤੇ ਪਾਪਾ ਕਹਿ ਕੇ
ਮੇਰੇ ਗੱਲ ਨੂੰ ਲੱਗ ਜਾਣਾ
ਮੇਰੇ ਸਹਿਕੇ ਹੋਏ ਨੈਣਾਂ ਥੀਂ
ਖੁਸ਼ੀਆਂ ਦੀ ਝੜੀ ਲੱਗਣਾ
ਮੇਰੇ ਤੱਪਦੇ ਹੋਏ ਸੀਨੇ ਵਿੱਚ
ਗਲਵੱਕੜੀ ਪਾ ਠੰਡ ਪਾਣਾ
ਪਿਆਰ ਕਰਨਾ, ਗਿਲੇ ਕਰਨਾ
ਕਦੇ ਹੱਸਣਾ, ਕਦੇ ਰੁੱਸਣਾ
ਤੇ ਫਿਰ ਗੋਦੀ 'ਚ ਬਹਿ ਮੇਰੀ
ਨਿੱਤ ਕੈਂਪਾ ਦੇ ਘੁੱਟ ਭਰਨਾ
ਕਦੇ ਇਸ ਗੱਲ ਦਾ ਸ਼ਿਕਵਾ
ਤੁਸੀਂ ਮੈਨੂੰ ਛੱਡ ਕਿਓਂ ਆਏ
ਕਦੇ "ਸ਼ੇਰ ਦੀ ਬੱਚੀ ਹਾਂ"
ਉਸ ਦਾ ਮਾਣ ਨਾਲ ਕਹਿਣਾ
ਕਦੇ ਸ਼ਕਾਇਤ ਮੰਮੀ ਦੀ
ਕਦੇ ਪਾਪਾ ਨਾਲ ਰੋਸਾ
ਬੱਸ ਇੰਝ ਹੀ ਤਿੰਨ ਚਾਰ ਘੰਟੇ
ਖੇਡਦੇ ਦੇ ਰਹਿਣਾ
ਸਮਾਂ ਹੋਣਾ, ਖਤਮ ਹੋਣੀ
ਹਰ ਪਿਆਰ ਭਰੀ ਮੁਲਾਕਾਤ
ਜਦੋਂ ਤੂੰ ਵਾਪਿਸ ਜਾਵੇਂਗੀ
ਹਰਦੱਮ ਯਾਦ ਆਵੇਂਗੀ
ਵੱਸੀ ਜਾਂਦੀ ਯਾਦਾਂ ਵਿੱਚ ਮੇਰੀ

ਤੇਰੀ ਹਰ ਬਾਤ
ਹਰ ਮੁਲਾਕਾਤ

ਮੇਰੀ ਬੇਟੀ
ਤੂੰ ਆਈ ਹੈਂ
ਮੇਰੇ ਲਈ
ਖੁਸ਼ੀਆਂ ਲਿਆਈ ਹੈਂ

+

18-8-1986

ਮਿੱਲ ਕੇ ਵਿਛੜਨ ਦੀ ਘੜੀ

ਜਦ ਛਿੜੀ ਚਰਚਾ
ਤੇਰੇ ਮੁੜ ਜਾਣ ਦੀ
ਨੈਣਾਂ ਵਿੱਚ ਮੇਰੇ
ਉਦਾਸੀ ਛਾ ਗਈ
ਲੱਗ ਰਿਹੈ ਕੁੱਝ ਇਸ ਤਰ੍ਹਾਂ
ਮੇਰੀ ਸਾਥਣੇ
ਮਿੱਲ ਕੇ ਵਿਛੜਨ ਦੀ
ਘੜੀ ਹੈ ਆ ਗਈ
ਆਈ ਸੈਂ ਤੂੰ ਬਣ ਕੇ
ਸਾਵਣ ਦੀ ਫੁਹਾਰ
ਤੇਰੀ ਮਿਲਣੀ
ਠੰਡ ਸੀਨੇ ਪਾ ਗਈ
ਜਾਏਂਗੀ ਜਿਓਂ ਤੁਰ ਜਾਏ
ਫੁੱਲ ਤੋਂ ਬਹਾਰ
ਸੋਚ ਹੀ ਚੇਹਰਾ
ਮੇਰਾ ਕੁਮਲਾ ਗਈ

ਇੱਕ ਸਹਾਰਾ ਹੈ
ਤੇਰੇ ਤੁਰ ਜਾਣ ਤੇ
ਯਾਦ ਤੇਰੀ
ਬਣ ਕੇ ਸਾਂਥਣ ਰਹੇਗੀ
ਤਸਵੀਰ ਤੇਰੀ
ਜੋ ਵੱਸੀ ਹਿਰਦੇ ਮੇਰੇ
ਕੁੱਝ ਸੁਣਿਆਂ ਕਰੇਗੀ
ਕੁੱਝ ਕਹੇਗੀ

ਇਸ ਵਿਛੋੜੇ ਵਿੱਚ ਵੀ
ਖਿੱਚ ਹੋਵੇਗੀ
ਖੁਸ਼ਬੂ ਤੇਰੇ ਸਾਹਾਂ ਦੀ

ਦਿੱਲ ਮਹਿਕਾਏ ਗੀ
ਯਾਦ ਚੁੰਮਣਾਂ ਦੀ
ਮਿਠਾਸ ਘੋਲੇਗੀ
ਜਯਧ ਮੋਹ 'ਚ ਗੁੰਦੇ
ਪਲਾਂ ਦੀ ਯਾਦ ਆਏਗੀ
ਚਿਰਾਂ ਵਿਛੜੇ ਮਿਲੇ ਸਾਂ
ਵਿਛੜਨ ਲਈ
ਵਿਛੜ ਕੇ ਮੁੜ ਕਦ ਮਿਲਾਂਗੇ
ਕੀ ਪਤਾ ?
ਜੂਝਦੀ ਜ਼ਿੰਦਗੀ
ਤੇ ਤਾਲਾ ਬੰਦ ਹੈ
ਮੁੜ ਮਿਲਣ ਦੀ ਇੱਛਾ
ਪਰ ਸਹਿਕਾਏ ਗੀ
ਤੂੰ ਰਹੀਂ ਬਣ ਕੇ
ਮੇਰੀ ਸ਼ਕਤੀ ਸਦਾ
ਜੰਗ ਮੇਰੀ ਹੈ
ਉਮਰਾਂ ਦੇ ਹਾਣ ਦੀ
ਹਾਰ ਨਾਲ ਮੇਰਾ
ਕੋਈ ਨਾਤਾ ਨਹੀਂ
ਜਿੱਤ ਪੁਸ਼ਤਾਂ ਤੋਂ
ਹੈ ਮੈਨੂੰ ਜਾਣਦੀ

ਜਦ ਛਿੜੀ ਚਰਚਾ
ਤੇਰੇ ਮੁੜ ਜਾਣ ਦੀ
ਨੈਣਾਂ ਵਿੱਚ ਮੇਰੇ
ਉਦਾਸੀ ਛਾ ਗਈ

\+

31-8-1986

ਜਾ ਰਹੀ ਰੁੱਤ ਦੇ ਨਾਮ

ਤੂੰ ਚਲੀ ਜਾਏਂਗੀ
ਇੱਕ ਰੁੱਤ ਗੁਜ਼ਰ ਜਾਏਗੀ
ਜਾਣ ਤੋਂ ਬਾਦ
ਤੇਰੀ ਯਾਦ ਬਹੁਤ ਆਏਗੀ
ਕਦੇ ਸਹਿਕੀ ਹੋਈ ਨਜ਼ਰ
ਕਦੇ ਅਧੂਰੀ ਤਮੰਨਾ
ਯਾਦਾਂ ਵਿੱਚ ਮਚਲੇਗੀ
ਬਹੁਤ ਤੜਪਾਏਗੀ
ਫੁੱਲ ਜੋ ਤੇਰੇ ਹੋਠਾਂ ਤੇ
ਮੈਂ ਖਿੜਾਏ ਨੇ
ਯਾਦ ਜੱਦ ਆਣਗੇ
ਰੂਹ ਮੇਰੀ ਮਹਿਕਾਏਗੀ
ਮੁਲਾਕਾਤਾਂ, ਨਿੱਘੀਆਂ ਬਾਤਾਂ
ਤੇਰੇ ਸੱਭ ਸ਼ਿਕਵੇ ਗਿਲੇ
ਯਾਦ ਤੇਰੀ ਆਏਗੀ
ਆ ਆ ਕੇ ਮੁੜ੍ਹ ਦੁਹਰਾਏਗੀ
ਮੇਰਾ ਇੱਕ ਰੂਪ
ਜੋ ਤੇਰੀ ਗੋਦ ਦਾ ਸ਼ਿੰਘਾਰ ਹੈ
ਰੌਣਕ ਉਸ ਰੂਪ ਦੀ
ਘਰ ਤਾਰਾ ਸਜਾਏਗੀ
ਤੇਰੇ ਸ਼ਿੰਘਾਰ
ਤੇ ਸਜੇ ਹੋਏ ਤੇਰੇ ਘਰ ਦੀ
ਜੱਦ ਵੀ ਖਬਰ ਆਏਗੀ
ਲੂੰ ਲੂੰ ਮੇਰਾ ਖਿੜਾਏਗੀ
ਮੈਂ ਉਡੀਕਾਂ ਗਾ

ਦਿੱਲ 'ਚ ਲੈ ਅਰਮਾਨਾਂ ਨੂੰ
ਰੁੱਤ ਜੋ ਆ ਕੇ ਗਈ
ਮੁੜ੍ਹ ਕੇ ਕਦੋਂ ਆਏਗੀ

ਤੂੰ ਚਲੀ ਜਾਏਂਗੀ
ਇੱਕ ਰੁੱਤ ਗੁਜ਼ਰ ਜਾਏਗੀ
ਜਾਣ ਤੋਂ ਬਾਦ
ਤੇਰੀ ਯਾਦ ਬਹੁਤ ਆਏਗੀ

+

6-9-1986

ਤੂੰ ਅਤੇ ਤੇਰੀ ਤਸਵੀਰ

ਤੂੰ ਨਹੀਂ ਕੋਲ
ਤੇਰੀ ਤਸਵੀਰ ਤਾਂ ਹੈ
ਖਾਲੀ ਖਾਲੀ ਹੈ
ਗਲਵੱਕੜੀ ਮੇਰੀ
ਯਾਦਾਂ ਤੇਰੀਆਂ ਸੰਗ
ਦਿੱਲ ਅਮੀਰ ਤਾਂ ਹੈ
ਜੇਲ੍ਹ ਦੇ ਇਸ ਕਮਰੇ ਨੂੰ
ਕੁੱਝ ਘਰ ਜਿਹਾ ਬਣਾਇਆ ਹੈ
ਕਿਤੇ ਤੇਰਾ, ਕਿਤੇ ਬੇਟੀ ਦਾ
ਚਿੱਤਰ ਲਾਇਆ ਹੈ
ਜੱਦ ਵੀ
ਦੂਰੀ ਕਦੇ ਸਤਾਉਂਦੀ ਹੈ
ਜੱਦ ਵੀ
ਬੀਤੇ ਦੀ ਯਾਦ ਆਉਂਦੀ ਹੈ
ਤੇਰੀ ਤਸਵੀਰ ਵੱਲ
ਨਿਹਾਰਦਾ ਹਾਂ
ਤੱਪਦੇ ਸੀਨੇ ਨੂੰ ਠਾਰਦਾ ਹਾਂ
ਪਰ ਤੇਰੀ ਤਸਵੀਰ
"ਤੂੰ" ਨਹੀਂ ਹੋ ਸਕਦੀ
ਗੱਲਾਂ ਕਰ ਨਹੀਂ ਸਕਦੀ
ਗੱਲਵੱਕੜੀ ਭਰ ਨਹੀਂ ਸਕਦੀ
ਤੂੰ ਹੀ ਦੱਸ
ਤੂੰ ਕਦੋਂ ਆਏਂਗੀ
ਆ ਕੇ
ਹੋਠਾਂ ਤੇ ਫੁੱਲ ਖਿੜਾਏਂਗੀ

ਤੂੰ ਨਹੀਂ ਕੋਲ
ਤੇਰੀ ਤਸਵੀਰ ਤਾਂ ਹੈ

+ (3-10-1986)

ਨਿਪੁੰਸਕ ਏਕਤਾ

(ਜਲੰਧਰ ਦੂਰਦਰਸ਼ਨ ਉਤੇ ਇੱਕ ਪੰਜਾਬੀ ਕਵੀ ਦਰਬਾਰ ਸੁਣਨ ਦੇਖਣ ਤੋਂ ਬਾਦ,
ਪ੍ਰਮਿੰਦਰਜੀਤ,
ਹਰਭਜਨ ਹਲਵਾਰਵੀ, ਨਿਰਮਲ ਅਰਪਨ, ਐਂਡ ਕੋ: ਦੇ ਨਾਮ)

ਤੁਸੀਂ ਜੋ
ਜ਼ਖਮੀ ਹਿਰਦੇ ਤੇ ਵਿਲ੍ਹਕਦੇ ਅਹਿਸਾਸਾਂ ਦੀ ਬਾਤ ਕਰਦੇ ਹੋ
ਤੁਸੀਂ ਜੋ
ਏਕੇ ਤੇ ਸਾਂਝੀਵਾਲਤਾ ਦਾ ਦੰਮ ਭਰਦੇ ਹੋ
ਤੁਸੀਂ ਜੋ
"ਬੇ-ਗੁਨਾਹਾਂ" ਦੇ ਕਤਲਾਂ ਤੇ ਅਥਰੂ ਵਹਾਉਂਦੇ ਹੋ
ਤੁਸੀਂ ਜੋ
ਸਾਂਝੀ ਪੰਜਾਬੀਅਤ ਦੇ ਗੀਤ ਗਾਉਂਦੇ ਹੋ
ਜਦੋਂ ਗੋਲੀ ਕਿਸੇ ਬੱਸ ਵਿੱਚ ਚਲਦੀ ਹੈ
ਤੁਹਾਡੀ ਕਲਮ ਕੇਵਲ ਓਦੋਂ ਹੀ ਕਿਓਂ ਕੁਰਲਾਉਂਦੀ ਹੈ?
ਵਿਲ੍ਹਕਦੇ ਅਹਿਸਾਸਾਂ ਦੀ ਦੁਹਾਈ ਕੇਵਲ ਓਦੋਂ ਹੀ ਕਿਓਂ ਪਾਉਂਦੀ ਹੈ?

ਜਦੋਂ ਸ੍ਵੈਮਾਣ ਨਾਲ ਜਿਊਣ ਦਾ ਹੱਕ ਮੰਗਣ ਵਾਲਿਆਂ ਨੂੰ
ਅੱਤਵਾਦੀ ਕਹਿ ਕੇ ਮਾਰਿਆ ਜਾਂਦੈ
ਪੱਗਾਂ ਸਿਰਾਂ ਤੋਂ ਲਾਹ ਕੇ
ਹੱਥ ਬੰਨ੍ਹ ਪਿਠ ਪਿਛੇ
"ਸੀਸੇ ਦੀਆਂ ਦੂਤ ਗੋਲੀਆਂ" ਨੂੰ
ਸੀਨਿਆਂ 'ਚ ਉਤਾਰਿਆ ਜਾਂਦੈ
ਉਦੋਂ ਕੁਝ ਕਿਓਂ ਨਹੀਂ ਕਹਿੰਦੇ?
ਉਦੋਂ ਕਿਓਂ ਚੁੱਪ ਨਹੀਂ ਰਹਿੰਦੇ?

ਜਦੋਂ "ਹਰੀਮੰਦਰ" ਵਿੱਚ
ਸੈਂਕੜਿਆਂ ਬੇਗੁਨਾਹ ਕਤਲ ਕੀਤੇ ਜਾਂਦੇ ਹਨ
ਜਦੋਂ ਭਾਰਤੀ ਫੌਜੀ
ਤੁਹਾਡੀਆਂ ਭੈਣਾਂ ਦੀ ਇਜ਼ੱਤ ਨੂੰ ਹੱਥ ਪਾਉਂਦੇ ਹਨ
ਅਕਾਲ ਤਖ਼ਤ ਤੇ ਤੋਪਾਂ ਦੇ ਗੋਲੇ ਵਰ੍ਹਾਏ ਜਾਂਦੇ ਹਨ

ਉਦੋਂ ਕੁੱਝ ਕਿਓਂ ਨਹੀਂ ਕਹਿੰਦੇ?
ਉਦੋਂ ਕਿਓਂ ਚੁੱਪ ਨਹੀਂ ਰਹਿੰਦੇ?

ਜਦੋਂ ਦਿੱਲੀ ਦੀਆਂ ਸੜਕਾਂ ਤੇ
ਜ਼ਿੰਦਾ ਜਿਸਮ ਜਲਦਾ ਹੈ
ਜਦੋਂ ਸੂਰਜ ਚੜ੍ਹੇ ਵਿੱਚ
ਪਾਪ ਦਾ ਸਿਆਹ ਨੇਰ੍ਹਾ ਪਲਦਾ ਹੈ
ਜਦੋਂ ਪੱਗ ਤੇ ਦਾਹੜੀ
ਗੁਨਾਹ ਦਾ ਰੂਪ ਸਮਝੇ ਜਾਂਦੇ ਨੇ
ਜਦੋਂ ਹਰ ਸਿੱਖ ਦਾ ਘਰ ਢੂੰਡ ਕੇ
"ਮਾਲਕ" ਹਿੰਦ ਦੇ ਅੱਗ ਲਾਉਂਦੇ ਨੇ
ਉਦੋਂ ਕੁੱਝ ਕਿਓਂ ਨਹੀਂ ਕਹਿੰਦੇ?
ਉਦੋਂ ਕਿਓਂ ਚੁੱਪ ਨਹੀਂ ਰਹਿੰਦੇ?

ਇਹ ਮਾਨਵਵਾਦ ਕੈਸਾ ਹੈ?
ਇਹ ਸਾਂਝੀਵਾਲਤਾ ਕੈਸੀ?
ਇੱਕ ਲਾਸ਼ ਵੇਖ ਕੇ ਦੀਪਕ ਜਲਾਏ ਜਾਂਦੇ ਹਨ
ਇੱਕ ਲਾਸ਼ ਵੇਖ ਕੇ ਅੱਥਰੂ ਵਹਾਏ ਜਾਂਦੇ ਹਨ

ਜਦੋਂ "ਹਰੀਮੰਦਰ" ਤੇ ਅੱਗ ਵਰ੍ਹੀ ਸੀ
ਜਦੋਂ ਸੰਗਮਰਮਰ ਦੀ ਪ੍ਰਕਰਮਾ
ਲਹੂ ਵਿੱਚ ਗੱਚ੍ਹ ਭਰੀ ਸੀ
ਉਦੋਂ ਤੁਸੀਂ ਕਿਹਨਾਂ 'ਚ ਸੀ?
ਦੀਪਕ ਜਲਾਉਣ ਵਾਲਿਆਂ 'ਚ
ਜਾਂ ਅੱਥਰੂ ਵਹਾਉਣ ਵਾਲਿਆਂ 'ਚ
ਜਾਂ ਫਿਰ ਲਹੂ ਰੰਗੀ ਦਾਰੂ ਪੀ ਕੇ
ਨਿਪੁੰਸਕ ਏਕਤਾ ਦੇ ਗੀਤ ਗਾਉਣ ਵਾਲਿਆਂ 'ਚ

ਭੈਣ ਦੀ ਇਜ਼ੱਤ ਲੁੱਟਦੀ ਵੇਖ
ਜੇ ਅੱਖ 'ਚ ਖੂਨ ਨਾ ਉਤਰੇ
ਕਲਮ, ਕਲਮ ਰਹੇ, ਤਲਵਾਰ ਨਾ ਬਣੇ
ਤਾਂ ਕਿਝ ਆਖੋਗੇ, ਹੋ ਆਪਣੇ ਬਾਪ ਦੇ ਜਣੇ

ਇਹ ਮਾਨਵਵਾਦ ਕੈਸਾ ਹੈ?
ਇਹ ਸਾਂਝੀਵਾਲਤਾ ਕੈਸੀ?
ਇੱਕ ਲਾਸ਼ ਵੇਖ ਕੇ ਦੀਪਕ ਜਲਾਏ ਜਾਂਦੇ ਹਨ
ਇੱਕ ਲਾਸ਼ ਵੇਖ ਕੇ ਅੱਥਰੂ ਵਹਾਏ ਜਾਂਦੇ ਹਨ

+

(1-11-1986)

ਉਦਾਸ ਪੱਲ

ਉਦਾਸ ਪੱਲ
ਕਵਿਤਾ 'ਚ ਕੈਦ ਕਰ ਕੇ
ਬਨਾਵਟੀ ਹਾਸੇ
ਬੁੱਲ੍ਹਾਂ ਤੇ ਧਰ ਕੇ
ਦਿਨ ਬਿਤਾ ਦਿੱਤਾ ਹੈ
ਰਾਤ ਬੀਤ ਜਾਏਗੀ
ਕੀ ਕਰਾਂਗਾ
ਜੱਦ ਸਵੇਰ ਆਏਗੀ
ਕੀ ਸਵੇਰ
ਫਿਰ ਉਦਾਸ ਹੋਏਗੀ
ਉਦਾਸ ਪਲਾਂ ਨੂੰ
ਕਵਿਤਾ ਕੋਈ ਫਿਰ ਪਰੋਏਗੀ
ਖੁਸ਼ੀ ਦਿਲ ਦੇ ਵਿਹੜੇ 'ਚ
ਕੱਦ ਖਿੜੇਗੀ ਆ ਕੇ
ਰਾਤ ਕੱਦ
ਮਿੱਠੀ ਨੀਂਦ ਸੋਏਗੀ

+

(1-10-1986)

ਜਾਂਦੀ ਬਹਾਰ

ਜਾਂਦੀ ਬਹਾਰ ਹਾਂ ਅਸੀਂ
ਥੋੜ੍ਹਾ ਜਿਹਾ ਪਿਆਰ ਦੇ
ਸਾਡੇ ਸਿਸਕਦੇ ਪਲਾਂ ਨੂੰ
ਕੁੱਝ ਹਾਸੇ ਉਧਾਰ ਦੇ

ਸਾਨੂੰ ਵੀ ਚਾਅ ਸੀ
ਮਾਣਦੇ ਜੀਵਨ ਦੇ ਸਾਰੇ ਰੰਗ
ਰੰਗਾਂ ਦੇ ਇਸ ਸ਼ੁਕੀਨ ਨੂੰ
ਕੀਤਾ ਤੂੰ ਬਦਰੰਗ
ਅਸੀਂ ਵੀਰਾਨਿਆਂ ਵਿੱਚ
ਚਾਹੇ ਸੀ ਫੁੱਲ ਖਿੜ੍ਹਾਣੇ
ਪਰ ਜਾਪਦਾ ਹੈ ਤੇਰੇ
ਕੁੱਝ ਹੋਰ ਹੀ ਸੀ ਭਾਣੇ
ਦਰਦਾਂ ਦੇ ਨਾਲ ਰਿਸ਼ਤਾ
ਅਸਾਂ ਕਦ ਸੀ ਚਾਹਿਆ
ਫਿਰ ਵੀ ਹੋਏ ਦਰਦ ਆਪਣੇ
ਬਾਕੀ ਸੱਭ ਕੁੱਝ ਪਰਾਇਆ
ਗੱਲ ਜੀਣ ਦੀ ਨਹੀਂ ਹੈ
ਜੀਅ ਤਾਂ ਨੇ ਸੱਭੇ ਲੈਂਦੇ
ਤੂੰ ਇੱਕ ਸੁਣੀ ਨਾ ਸਾਡੀ
ਰਹੇ ਸਾਰੀ ਉਮਰ ਕਹਿੰਦੇ
ਅਸੀਂ ਵੀ ਚਾਹਿਆ ਸੀ
ਅਸੀਂ ਵੀ ਲੋਚਿਆ ਸੀ
ਸਾਡੇ ਵਿਹੜ੍ਹੇ ਫੁੱਲ ਖਿੜ੍ਹਦੇ
ਫੁੱਲਾਂ ਤੇ ਭੰਵਰੇ ਬਹਿੰਦੇ
ਅਸੀਂ ਆਖ ਆਖ ਥੱਕੇ
ਪਰ ਤੂੰ ਸੁਣੀ ਨਾ ਕੋਈ
ਇੰਤਜ਼ਾਰ ਕਰਦੇ ਕਰਦੇ

ਰੁੱਤ ਦੀ ਹੈ ਸ਼ਾਮ ਹੋਈ
ਉਮੀਦ ਤੋਂ ਪਰ ਫਿਰ ਵੀ
ਟੁੱਟਣ ਨੂੰ ਦਿੱਲ ਨਹੀਂ ਕਰਦਾ
ਬੇਰੰਗ ਜ਼ਿੰਦਗੀ ਵਿੱਚ
ਮੈਂ ਰੰਗ ਰਹਾਂ ਗਾ ਭਰਦਾ

ਜਾਂਦੀ ਬਹਾਰ ਹਾਂ ਅਸੀਂ
ਥੋੜ੍ਹਾ ਜਿਹਾ ਪਿਆਰ ਦੇ
ਸਾਡੇ ਸਿਸਕਦੇ ਪਲਾਂ ਨੂੰ
ਕੁੱਝ ਹਾਸੇ ਉਧਾਰ ਦੇ

+

(26-12-1986)

ਸੰਘਰਸ਼, ਸਲਾਖਾਂ, ਅਤੇ ਸੱਜਣੀ

ਕਦੇ ਕਦੇ ਚੰਗਾ ਲੱਗਦਾ ਹੈ
ਤੇਰੀਆਂ ਯਾਦਾਂ 'ਚ ਖੋ ਜਾਣਾ
ਸੋਚਾਂ ਵਿੱਚ ਤੇਰੇ ਨਾਲ ਗੱਲਾਂ ਕਰਨਾ
ਤੇ ਦੇਰ ਤੱਕ ਨੀਂਦ ਨਾ ਆਣਾ
ਸੋਚ ਦੇ ਪੰਨਿਆਂ ਤੇ
ਤੇਰੇ ਨਾਮ ਪੱਤਰ ਲਿੱਖਣਾ
ਤੇ ਹਵਾਈ ਡਾਕ ਵਿੱਚ ਪਾਣਾ
ਮੇਰੀ ਸੱਜਣੀ ਚੰਗਾ ਲੱਗਦਾ ਹੈ
ਤੇਰੀਆਂ ਯਾਦਾਂ 'ਚ ਖੋ ਜਾਣਾ

ਮੇਰੀ ਸੱਜਣੀ
ਮੇਰੀ ਇਹ ਰਿਹਾਇਸ਼ਗਾਹ
ਜ਼ਮਾਨਾ ਜਿਸ ਨੂੰ 'ਚੱਕੀ' ਕਹਿੰਦਾ ਹੈ
ਜਿਸ ਦੇ ਸਲਾਖਾਂ ਵਾਲੇ ਦਰਵਾਜ਼ੇ ਤੇ
ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤੱਕ
ਤਾਲਾ ਲਗਿਆ ਰਹਿੰਦਾ ਹੈ
ਇਹ ਵੀ ਹੁਣ
ਆਪਣੀ ਆਪਣੀ ਜਿਹੀ ਲੱਗਦੀ ਹੈ
ਇਸ ਨਾਲ ਵੀ
ਇੱਕ ਮੋਹ ਜਿਹਾ ਹੋ ਗਿਆ ਹੈ
ਜੋ ਮੇਰੇ ਅਪਣੱਤ ਦੇ ਅਹਿਸਾਸਾਂ ਨੂੰ
ਛੋਹ ਗਿਆ ਹੈ
ਇਹਨਾਂ ਸਲਾਖਾਂ ਦੇ ਪਿੱਛੇ ਬੈਠਾ
ਸੁੰਨੀਆਂ ਰਾਤਾਂ 'ਚ
ਮੈਂ ਅਕਸਰ ਤੈਨੂੰ ਯਾਦ ਕਰਦਾ ਹਾਂ
ਤੇ ਸੰਘਰਸ਼ ਦੀ ਉਹ ਤਸਵੀਰ
ਜੋ ਮੈਂ ਆਪਣੀ ਸੋਚ ਦੀ ਕੈਨਵੱਸ ਤੇ ਬਣਾ ਰੱਖੀ ਹੈ
ਉਸ ਵਿੱਚ ਰੰਗ ਭਰਦਾ ਹਾਂ
ਮੇਰੀ ਸੱਜਣੀ

ਮੈਂ ਅਕਸਰ ਤੈਨੂੰ ਯਾਦ ਕਰਦਾ ਹਾਂ
ਮੇਰੀ ਸੱਜਣੀ
ਮੇਰਾ ਸੰਘਰਸ, ਮੇਰੀ ਜ਼ਿੰਦਗੀ ਵਿੱਚ
ਤੇਰੇ ਤੋਂ ਪਹਿਲਾਂ ਆਇਆ ਸੀ
ਬੜ੍ਹੇ ਹੀ ਚਾਅ, ਉਮੀਦਾਂ ਨਾਲ
ਮੈਂ ਇਸ ਨੂੰ ਅਪਣਾਇਆ ਸੀ
ਇਹ ਮੇਰਾ ਹੈ
ਮੈਂ ਇਸ ਦਾ ਹਾਂ
ਨਾ ਹੀ ਇਹ ਅੱਜ ਪਰਾਇਆ ਹੈ
ਨਾ ਕਦੇ ਪਹਿਲਾਂ ਪਰਾਇਆ ਸੀ
ਬੜ੍ਹੇ ਹੀ ਚਾਅ, ਉਮੀਦਾਂ ਨਾਲ
ਮੈਂ ਇਸ ਨੂੰ ਅਪਣਾਇਆ ਸੀ
ਮੇਰੀ ਸੱਜਣੀ
ਸੰਘਰਸ਼ ਪਿਆਰਾ ਹੈ ਮੈਨੂੰ
ਤੂੰ ਵੀ ਬਹੁਤ ਪਿਆਰੀ ਹੈਂ
ਦਿਲ ਦੇ ਵਿਹੜ੍ਹੇ ਵਿੱਚ
ਮਹਿਕਾਂ ਭਰੀ ਕਿਆਰੀ ਹੈਂ

ਸੰਘਰਸ਼, ਸਲਾਖਾ, ਅਤੇ ਸੱਜਣੀ
ਸਭ ਮੇਰਾ ਆਪਣਾ ਹੈ
ਮੈਂ ਸੱਬ ਦਾ ਹਾਂ
ਕਿਸੇ ਤੋਂ ਵੱਖ ਨਹੀਂ ਹੈ
ਮੇਰਾ ਨਾਂ

ਕਦੇ ਕਦੇ ਚੰਗਾ ਲੱਗਦਾ ਹੈ
ਤੇਰੀਆਂ ਯਾਦਾਂ 'ਚ ਖੋ ਜਾਣਾ

+

(23-1-1987)

ਅਤ੍ਰਿਪਤ ਰੂਹ

ਇਸ ਹੱਸ ਰਹੇ ਚਿਹਰੇ ਪਿੱਛੇ
ਗਹਿਰੀ ਉਦਾਸੀ ਹੈ ਮੇਰੀ
ਗੱਲ ਪਿਆਰ ਦੀ ਬੁੱਲ੍ਹਾਂ ਤੇ ਹੈ
ਪਰ ਰੂਹ ਪਿਆਸੀ ਹੈ ਮੇਰੀ

ਸੱਭ ਹੈ ਮੇਰਾ, ਮੇਰਾ ਕੁੱਝ ਨਹੀਂ
ਮੇਰੀ ਸੱਖਣੀ ਸੱਖਣੀ ਝੋਲ ਹੈ
ਮੇਰੇ ਆਪਣਿਆਂ ਦੀ ਕਮੀ ਨਹੀਂ
ਲੱਗੇ ਫਿਰ ਵੀ ਕੋਈ ਨਾ ਕੋਲ ਹੈ

ਮੈਂ ਅਤ੍ਰਿਪਤ ਜਿਹਾ ਇਨਸਾਨ ਹਾਂ
ਤੂੰ ਕਿਹਾ ਹੈ ਮਿੱਤਰਾ 'ਮਹਾਨ" ਹਾਂ
ਮੈਂ ਕੀ? ਮੇਰਾ ਮੁਕਾਮ ਕੀ?
ਮੇਰੀ ਸ਼ੋਹਰਤ ਕੀ, ਮੇਰਾ ਨਾਮ ਕੀ?

ਕਦੇ ਇਸ ਤਰ੍ਹਾਂ ਮਹਿਸੂਸਦਾਂ
ਜਿਵੇਂ ਸਹਿਕ ਦਾ ਅਹਿਸਾਸ ਹੈ
ਕਦੇ ਇਸ ਤਰ੍ਹਾਂ ਮਹਿਸੂਸਦਾਂ
ਜਨਮਾਂਤਰਾਂ ਦੀ ਕੋਈ ਪਿਆਸ ਹੈ

ਕੀ ਇਹ ਪਿਆਰ ਨਾਲ ਬੁੱਝ ਜਾਏਗੀ?
ਜਾਂ ਗਿਆਨ ਨਾਲ ਮਿੱਟ ਜਾਏਗੀ?
ਕੋਈ ਬੰਦਗੀ, ਕੋਈ ਉਪਾਸਨਾ
ਮੇਰੀ ਪਿਆਸ ਨੂੰ ਕੀ ਮਿਟ੍ਹਾਏਗੀ?

ਕਦੇ ਰੋਸ਼ਨੀ ਦੀ ਕਿਰਨ ਕੋਈ
ਮੇਰੇ ਵਿਹੜੇ ਵੀ ਤਾਂ ਆਏਗੀ
ਮੇਰੀ ਅਤ੍ਰਿਪਤ ਰੂਹ ਨੂੰ ਕਿਰਨ ਉਹੀ
ਚਾਨਣ ਦੇ ਘੁੱਟ ਪਿਆਏਗੀ
ਇਸ ਹੱਸ ਰਹੇ ਚਿਹਰੇ ਪਿੱਛੇ
ਗਹਿਰੀ ਉਦਾਸੀ ਹੈ ਮੇਰੀ
ਗੱਲ ਪਿਆਰ ਦੀ ਬੁੱਲ੍ਹਾਂ ਤੇ ਹੈ
ਪਰ ਰੂਹ ਪਿਆਸੀ ਹੈ ਮੇਰੀ

+

(13-2-1987)

ਜਦੋਂ ਤੂੰ ਕੋਲ ਹੋਵੇਂਗੀ

ਅੱਜ ਕੱਲ ਫੇਰ
ਤੇਰੀ ਇੰਤਜ਼ਾਰ ਰਹਿੰਦੀ ਹੈ
ਦਿੱਲ ਦੇ ਵਿਹੜੇ
ਬਹਾਰ ਰਹਿੰਦੀ ਹੈ
ਸਵੇਰ ਤੇਰੀਆਂ
ਯਾਦਾਂ ਦੇ ਨਾਲ ਚੜ੍ਹਦੀ ਹੈ
ਸ਼ਾਮ ਤੇਰੀਆਂ
ਯਾਦਾਂ ਦੇ ਨਾਲ ਪੈਂਦੀ ਹੈ

ਮੈਂ ਅਕਸਰ
ਇਕੱਲ 'ਚ ਬੈਠਾ ਸੋਚਦਾਂ
ਤੂੰ ਆਏਂਗੀ
ਤਾਂ ਇੰਝ ਕਰਾਂਗਾ, ਉੱਝ ਕਰਾਂਗਾ
ਕਦੇ ਗੱਲਾਂ ਕਰਾਂਗਾ,
ਕਦੇ ਛੂਹਾਂਗਾ, ਕਦੇ ਹੱਥ ਫੜਾਂਗਾ
ਕਦੇ ਨਾਰਾਜ਼ ਹੋਵਾਂਗਾ
ਕਦੇ ਮਨਾਵਾਂਗਾ, ਕਦੇ ਬਾਹਾਂ 'ਚ ਭਰਾਂਗਾ
ਤੇਰੇ ਤੋਂ ਇਹ ਪੱਛਾਂਗਾ
ਤੈਨੂੰ ਇਹ ਦੱਸਾਂਗਾ
ਤੇਰੇ ਤੋਂ ਇਹ ਸੁਣਾਂਗਾ
ਤੈਨੂੰ ਇਹ ਕਹਾਂਗਾ
ਮੇਰੀ ਸੱਜਣੀ
ਜਦੋਂ ਤੂੰ ਕੋਲ ਹੋਵੇਂਗੀ
ਮੈਂ ਕਿਨਾ ਖੁਸ਼ ਰਹਾਂਗਾ

ਕਦੇ ਸੋਚਦਾਂ
ਜੇ ਤੂੰ ਨਾ ਆਈ ਤਾਂ ਕੀ ਕਰਾਂਗਾ
ਫੇਰ ਸੋਚਦਾਂ

ਨਹੀਂ, ਤੂੰ ਜ਼ਰੂਰ ਆਏਂਗੀ
ਆਕੇ
ਹੋਠਾਂ ਤੇ ਫੁੱਲ ਖਿੜਾਏਂਗੀ

ਅੱਜ ਕੱਲ ਫੇਰ
ਤੇਰੀ ਇੰਤਜ਼ਾਰ ਰਹਿੰਦੀ ਹੈ
ਦਿੱਲ ਦੇ ਵਿਹੜੇ
ਬਹਾਰ ਰਹਿੰਦੀ ਹੈ
ਸਵੇਰ ਤੇਰੀਆਂ
ਯਾਦਾਂ ਦੇ ਨਾਲ ਚੜ੍ਹਦੀ ਹੈ
ਸ਼ਾਮ ਤੇਰੀਆਂ
ਯਾਦਾਂ ਦੇ ਨਾਲ ਪੈਂਦੀ ਹੈ

+

(9-2-1987)

ਆਪਾ ਅਤੇ ਸੰਘਰਸ਼

ਆਪਣੇ ਹੀ ਦੁੱਖਾਂ ਦੀ ਬਾਤ ਕਰਨਾ
ਆਪਣੇ ਹੀ ਫੱਟਾਂ ਤੇ ਮਰਹਮ ਧਰਨਾ
ਆਪਣੇ ਗ਼ਮਾਂ ਤੇ ਹੰਝੂ ਵਹਾਣਾ
ਆਪਣੀ ਹੀ ਖੁਸ਼ੀ ਦੇ ਗੀਤ ਗਾਣਾ
ਗਜਿੰਦਰ ਸਿੰਘ ਤੇਰੀ ਇਹ ਰੀਤ ਨਹੀਂ ਹੈ
ਗਜਿੰਦਰ ਸਿੰਘ ਤੇਰਾ ਇਹ ਕੰਮ ਨਹੀਂ ਹੈ
ਤੂੰ ਸਦਾ ਕੌਮ ਦੇ ਗ਼ਮਾਂ ਦੀ ਬਾਤ ਕੀਤੀ ਹੈ
ਕੌਮ ਦੇ ਗ਼ਮ ਬਿਨਾਂ
ਗਜਿੰਦਰ ਤੇਰਾ ਕੋਈ ਗ਼ਮ ਨਹੀਂ ਹੈ
ਛੋੜ ਤੂੰ ਪਿਆਰ ਦੀਆਂ ਗੱਲਾਂ
ਛੋੜ ਇੰਤਜ਼ਾਰ ਦੀਆਂ ਗੱਲਾਂ
ਤੇਰੀ ਕਲਮ ਨੂੰ ਸੋਹੰਦੀਆਂ ਨੇ
ਬੱਸ ਤਲਵਾਰ ਦੀਆਂ ਗੱਲਾਂ
ਵੀਰ ਤੇਰੇ,
ਨਿੱਤ ਲਹੂ ਦੇ ਵਿੱਚ ਨਹਾ ਰਹੇ ਨੇ
ਸੰਗੀਨਾਂ ਦੇ ਸਾਏ ਵਿੱਚ
ਆਜ਼ਾਦੀ ਦੇ ਗੀਤ ਗਾ ਰਹੇ ਨੇ
ਰੋਜ਼ ਮਾਵਾਂ ਦੇ ਪੁੱਤ ਕਈ
ਗੋਲੀਆਂ ਦੀ ਭੇਂਟ ਚੜ੍ਹਦੇ ਨੇ
ਰੋਜ਼ ਭੈਣਾਂ ਦੇ ਵੀਰ
ਨਵੇਂ ਕਈ ਉੱਠ ਕੇ ਖੜ੍ਹਦੇ ਨੇ
ਰੋਜ਼ ਕਿਸੇ ਦੇ ਸਿਰ ਦਾ ਸਾਈਂ
ਸ਼ਹੀਦ ਹੋ ਜਾਂਦਾ
ਰੋਜ਼ ਕਿਸੇ ਬੱਚੀ ਦਾ ਪਾਪਾ
ਨਾ ਵਾਪਿਸ ਪਰਤ ਕੇ ਆਂਦਾ
ਵੀਰ ਤੇਰੇ,
ਅੱਗ ਤੇ ਲਹੂ ਦੀ ਖੇਡ, ਖੇਡ ਰਹੇ
ਤੇਰੀ ਕਲਮ ਨੂੰ ਸੋਹੰਦਾ ਹੈ
ਉਹਨਾਂ ਦੇ ਦਰਦ ਸਹੇ,

ਦਰਦਾਂ ਦੀ ਬਾਤ ਕਹੇ
ਆਪਣੇ ਹੀ ਦੁੱਖਾਂ ਦੀ ਬਾਤ ਕਰਨਾ
ਆਪਣੇ ਹੀ ਫੱਟਾਂ ਤੇ ਮਰਹਮ ਧਰਨਾ
ਆਪਣੇ ਗ਼ਮਾਂ ਤੇ ਹੰਝੂ ਵਹਾਣਾ
ਆਪਣੀ ਹੀ ਖੁਸ਼ੀ ਦੇ ਗੀਤ ਗਾਣਾ
ਗਜਿੰਦਰ ਸਿੰਘ ਤੇਰੀ ਇਹ ਰੀਤ ਨਹੀਂ ਹੈ
ਗਜਿੰਦਰ ਸਿੰਘ ਤੇਰਾ ਇਹ ਕੰਮ ਨਹੀਂ ਹੈ
ਪਰ ਕਰਾਂ ਮੈਂ ਕੀ, ਮੇਰੇ ਐ ਦੋਸਤਾ
ਕਲਮ ਤਾਂ ਆਪਣੀ ਹੀ ਤੋਰ ਤੁਰਦੀ ਹੈ
ਜੱਦ ਚਾਹੇ, ਜਿਵੇਂ ਚਾਹੇ
ਇਹ ਮੋੜ ਮੁੜਦੀ ਹੈ
ਦਿੱਲ ਦੇ ਸਾਗ਼ਰ 'ਚ ਉੱਠਦੀ
ਹਰ ਤਰੰਗ ਨਾਲ ਜੁੜਦੀ ਹੈ
ਮੇਰਾ ਆਪਾ, ਮੇਰਾ ਸੰਘਰਸ਼
ਦੋਵੇਂ ਇੱਕ ਮਿੱਕ ਹੈ
ਮੇਰੀ ਕਲਮ ਲਈ
ਦੋਹਾਂ ਦਾ ਰੂਪ ਹੀ ਇੱਕ ਹੈ
ਮੇਰੇ ਆਪੇ, ਮੇਰੇ ਸੰਘਰਸ਼ ਨੂੰ
ਉਹ ਕਿਝ ਵੱਖ ਕਰੇ
ਦਰਦ ਦੋਹਾਂ ਦੇ
ਕਲਮ ਮੇਰੀ ਦੱਸ ਕਿਝ ਸਹੇ

ਆਪਣੇ ਹੀ ਦੁੱਖਾਂ ਦੀ ਬਾਤ ਕਰਨਾ
ਆਪਣੇ ਹੀ ਫੱਟਾਂ ਤੇ ਮਰਹਮ ਧਰਨਾ
ਆਪਣੇ ਗ਼ਮਾਂ ਤੇ ਹੰਝੂ ਵਹਾਣਾ
ਆਪਣੀ ਹੀ ਖੁਸ਼ੀ ਦੇ ਗੀਤ ਗਾਣਾ
ਗਜਿੰਦਰ ਸਿੰਘ ਤੇਰੀ ਇਹ ਰੀਤ ਨਹੀਂ ਹੈ
ਗਜਿੰਦਰ ਸਿੰਘ ਤੇਰਾ ਇਹ ਕੰਮ ਨਹੀਂ ਹੈ

+

(14-2-1987)

ਇੰਤਜ਼ਾਰ

ਹਵਾ ਦੇ ਜ਼ੋਰ ਨਾਲ
ਜਦ ਬੂਹਾ ਖੜ੍ਹਕਦਾ ਹੈ
ਮੈਨੂੰ ਤੇਰੀ ਆਮਦ ਦਾ
ਭਉਲਾ ਜਿਹਾ ਪੈਂਦਾ ਹੈ
ਫਿਰ ਇਓਂ ਜਾਪਦਾ ਹੈ
ਜਿਵੇਂ ਕੋਈ ਕਹਿੰਦਾ ਹੈ
ਗਜਿੰਦਰ ਸਿੰਘ ਤੇਰੀ
ਮੁਲਾਕਾਤ ਆਈ ਹੈ
ਸ਼ਰਾਰਤ ਭਰੇ ਹਾਸੇ ਨਾਲ
ਪਿਆਰੇ ਜਿਹੇ ਦਿਲਾਸੇ ਨਾਲ
ਇੱਕ ਸਾਥੀ ਕਹਿੰਦਾ ਹੈ
"ਆਈ ਭਰਜਾਈ ਹੈ"
ਫਿਰ ਸਭੋ ਹੱਸ ਪੈਂਦੇ
ਕੁੱਝ ਸੁਣਦੇ, ਕੁੱਝ ਕਹਿੰਦੇ
ਘਰ ਦੇ ਵਿਹੜੇ ਜਿਹਾ
ਮਾਹੌਲ ਬਣ ਜਾਂਦਾ
ਯਾਰਾਂ ਦੀ ਢਾਣੀ ਜਿਹਾ
ਕਦੇ ਰੰਗ ਚੜ੍ਹ ਜਾਂਦਾ
ਅੱਜ ਕੱਲ ਤਾਂ ਮੇਰੀ ਸੱਜਣੀ
ਇੰਝ ਹੁੰਦਾ ਹੀ ਰਹਿੰਦਾ ਹੈ
ਜਦ ਬੂਹਾ ਖੜ੍ਹਕਦਾ ਹੈ
ਤੇਰਾ ਭਉਲਾ ਪੈਂਦਾ ਹੈ
ਇੱਥੇ ਫੁੱਲ ਖਿੜੇ ਹੋਏ ਨੇ
ਮੌਸਮ ਹੈ ਰੰਗ ਭਰਿਆ
ਤੇਰੀ ਆਮਦ ਦਾ ਸੁਣ ਕੇ
ਸਾਨੂੰ ਚਾਅ ਨਵਾਂ ਚੜ੍ਹਿਆ
ਜਦ ਬੁੱਲੇ ਹਵਾਵਾਂ ਦੇ
ਫੁੱਲਾਂ ਨਾਲ ਖਹਿੰਦੇ ਨੇ
ਮੈਨੂੰ ਹੈ ਇੰਝ ਲੱਗਦਾ

ਜਿਵੇਂ ਕੰਨ੍ਹ ਵਿੱਚ ਕਹਿੰਦੇ ਨੇ
ਗਜਿੰਦਰ ਦੇ ਵਿਹੜੇ ਦਾ
ਫੁੱਲ ਤੁਰਿਆ ਆਉਂਦਾ ਹੈ
ਮਹਿਕਾਂ ਪਿਆ ਵੰਡਦਾ ਹੈ
ਹਾਸੇ ਵਰਤਾਉਂਦਾ ਹੈ
ਪਿਆਰੀ ਜਿਹੀ ਬੱਚੀ ਦਾ
ਤੱਕ ਆਪਣੇ ਪਾਪਾ ਨੂੰ
ਲੂੰ ਲੂੰ ਖਿੜ੍ਹ ਜਾਂਦਾ ਹੈ
ਪਾਪਾ ਚੁੱਕ ਕੇ ਬੱਚੀ ਨੂੰ
ਬਾਹਾਂ ਵਿੱਚ ਭਰਦਾ ਹੈ
ਉਹਦਾ ਮੱਥਾ ਚੁੰਮਦਾ ਹੈ
ਸੀਨੇ ਨਾਲ ਲਾਉਂਦਾ ਹੈ
ਮੀਂਹ ਉਸ ਦੀ ਰਹਿਮੱਤ ਦਾ
ਰੂਹਾਂ ਤੇ ਵਰ੍ਹ ਜਾਂਦਾ
ਨੈਣਾਂ ਵਿੱਚ ਖੁਸ਼ੀਆਂ ਦਾ
ਜੋ ਸਾਗ਼ਰ ਭਰ ਜਾਂਦਾ
ਹਵਾ ਦੇ ਜ਼ੋਰ ਨਾਲ
ਜਦ ਬੂਹਾ ਖੜ੍ਹਕਦਾ ਹੈ
ਮੈਨੂੰ ਤੇਰੀ ਆਮਦ ਦਾ
ਭਉਲਾ ਜਿਹਾ ਪੈਂਦਾ ਹੈ
ਅੱਜ ਕੱਲ ਤਾਂ ਮੇਰੀ ਸੱਜਣੀ
ਇੰਝ ਹੁੰਦਾ ਹੀ ਰਹਿੰਦਾ ਹੈ

+

(15–2–1987)

ਗ਼ਜ਼ਲ

ਮੈਂ ਉਦਾਸ ਪੱਲ ਆਪਣੇ
ਦੱਸ ਕਿਸ ਦੇ ਨਾਮ ਕਰਾਂ
ਦਿੱਲ ਦੀ ਬੇਚੈਨੀ ਤੇ
ਦੱਸ ਕਿੰਝ ਧਰਵਾਸ ਧਰਾਂ
ਇਹਨੂੰ ਯਾਦ ਕਹਾਂ ਤੇਰੀ
ਜਾਂ ਚਾਹਤ ਹੈ ਮੇਰੀ
ਇਸ ਅੰਦਰ ਦੀ ਅੱਗ ਦਾ
ਦੱਸ ਕਿੰਝ ਮੈਂ ਸੇਕ ਜਰਾਂ
ਲੋਅ ਬੁੱਝਦੇ ਦੀਵੇ ਦੀ
ਜਾਂ ਸਿੱਖਰ ਦੁਪਹਿਰੇ ਦੀ
ਇਹ ਕੈਸੀਆਂ ਲਪਟਾਂ ਨੇ
ਦੱਸ ਜਾਣਾ ਕਿਸ ਤਰਾਂ
ਉਮੀਦ ਵੀ ਹੈ ਬਾਕੀ
ਤੇ ਬੇ-ਉਮੀਦੀ ਵੀ
ਕੱਟ ਜਾਣ ਦਿਆਂ ਗੁੱਡੀ
ਜਾਂ ਦਿੰਦਾ ਰਹਾਂ ਸਰਾਂ
ਪਹਿਲਾਂ ਜੱਦ ਆਈ ਤੂੰ
ਥਾਂ ਦਿੱਲ'ਚ ਬਣਾਈ ਤੂੰ
ਖਾਲੀ ਜੋ ਕਰ ਗਈਓਂ
ਦੱਸ ਥਾਂ ਉਹ ਕਿੰਝ ਭਰਾਂ
ਇਹ ਜੇਲ੍ਹ ਦਾ ਕਮਰਾ ਹੈ
ਕਮਰੇ ਨੂੰ ਤਾਲਾ ਹੈ
ਤੇਰੇ ਸਾਥ ਦੇ ਨਿੱਘ ਬਾਝੋਂ
ਬਿਨ ਮੌਸਮ ਪਿਆ ਠਰਾਂ
ਕਵਿਤਾ ਸੱਚ ਅੰਦਰ ਦਾ

ਵਿਓਪਾਰ ਨਹੀਂ ਮੇਰਾ
ਮੈਂ ਇਸ ਦੇ ਵਾਂਗ ਜੀਆਂ
ਮੈਂ ਇਸ ਦੇ ਵਾਂਗ ਮਰਾਂ

ਮੈਂ ਉਦਾਸ ਪੱਲ ਆਪਣੇ
ਦੱਸ ਕਿਸ ਦੇ ਨਾਮ ਕਰਾਂ
ਦਿੱਲ ਦੀ ਬੇਚੈਨੀ ਤੇ
ਦੱਸ ਕਿੰਝ ਧਰਵਾਸ ਧਰਾਂ

+

(4-3-1987)

ਦੁਬਿਧਾ

ਕੋਈ ਕਹਿੰਦੈ
ਸੱਚ ਬਹੁਤ ਖ਼ੂਬਸੂਰਤ ਹੁੰਦਾ ਹੈ
ਕੋਈ ਕਹਿੰਦੈ
ਸੱਚ ਬਹੁਤ ਕੌੜਾ ਹੁੰਦਾ ਹੈ
ਅਕਸਰ ਕਹਿੰਦੇ ਨੇ
ਸੱਚ ਦੀ ਅਖੀਰ ਫਤਿਹ ਹੁੰਦੀ ਹੈ
ਤੇ ਝੂਠ ਦਾ ਵਕਤ ਬਹੁਤ ਥੋੜਾ ਹੁੰਦਾ ਹੈ

ਮਿੱਤਰੋ
ਜਿਸ ਦੌਰ ਚੋਂ ਆਪਾਂ ਲੰਘ ਰਹੇ ਹਾਂ
ਜਿਸ ਦੌਰ ਦੇ ਰੰਗਾਂ ਵਿੱਚ
ਅਸੀਂ ਆਪਾ ਰੰਗ ਰਹੇ ਹਾਂ
ਇਸ ਦੌਰ ਵਿੱਚ
ਸੱਚ ਕੀ ਹੈ
ਤੇ ਝੂਠ ਕੀ ਹੈ
ਧਰਮ ਕੀ ਹੈ
ਤੇ ਸਿਆਸਤ ਕੀ ਹੈ
ਕੌਮ ਕੀ ਹੈ
ਤੇ ਰਿਆਸਤ ਕੀ ਹੈ
ਦੋਹਾਂ ਵਿੱਚ ਵੱਖਰੇਵਾਂ ਕੀ ਹੈ
ਤੇ ਸੁਮੇਲ ਕੀ ਹੈ
ਸੰਘਰਸ਼ ਕੀ ਹੈ
ਤੇ ਜੇਲ੍ਹ ਕੀ ਹੈ
ਮੇਰੇ ਮਿੱਤਰੋ
ਹਉਮੈ ਕਿਸ ਨੂੰ ਕਹੀਏ
ਤੇ ਸਵੈਮਾਣ ਕੀ ਹੈ
ਗਵਾਚਣਾ ਕਿਸ ਨੂੰ ਕਹੀਏ
ਤੇ ਪਹਿਚਾਣ ਕੀ ਹੈ

ਮੇਰੇ ਮਿੱਤਰੋਂ
ਕੁੱਝ ਗਿਆਨ ਦਿਓ
ਕੋਈ ਅੰਤਰ ਨਾ ਸਮਝਾਓ
ਮੇਰੇ ਵੀ ਕਿਸੇ ਖਾਨੇ
ਕੋਈ ਗੱਲ ਤਾਂ ਪਾਓ
ਕੋਈ ਤਾਂ ਆਓ
ਮੇਰੀ ਦੁਬਿਧਾ ਮਿਟਾਓ

ਕਦੇ ਸੋਚਦਾਂ
ਕਿਸੇ ਤੋਂ ਨਾ ਡਰਾਂ
ਕਿਸੇ ਦੀ ਪ੍ਰਵਾਹ ਨਾ ਕਰਾਂ
ਸੱਭ ਸੱਚ ਸੱਚ ਕਹਾਂ
ਕਦੇ ਸੋਚਦਾਂ
ਆਪਣੇ ਆਪ ਨੂੰ
ਆਪਣੇ ਰਤਕ ਸੀਮਤ ਰੱਖਾਂ
ਤੇ ਚੁੱਪ ਰਹਾਂ
ਤੁਸੀਂ ਹੀ ਦੱਸੋ
ਸੱਚ ਸੱਚ ਕਹਾਂ
ਜਾਂ ਚੁੱਪ ਰਹਾਂ

+

(6-3-1987)

ਸੱਖਣਾਪਨ

ਇੱਕ ਰਾਤ ਕਾਲੀ
ਇੱਕ ਹਵਾ ਠੰਡੀ
ਉਤੋਂ ਕਿਣ ਮਿਣ
ਕਿਣ ਮਿਣ ਸ਼ੁਰੂ ਹੋਈ
ਤੇਰੀ ਯਾਦ ਆਈ
ਟੁੱਟੇ ਬੰਨ੍ਹ ਸਾਰੇ
ਦਿੱਲ ਦੇ ਵਹਿਣ ਤੇ
ਰਿਹਾ ਨਾ ਵੱਸ ਕੋਈ
ਅੱਖਾਂ ਥੱਕ ਗਈਆਂ
ਨਜ਼ਮਾਂ ਅੱਕ ਗਈਆਂ
ਨਾ ਤੂੰ ਆਈ
ਤੇ ਨਾ ਚੈਨ ਆਇਆ
ਸਾਡੇ ਹਿੱਸੇ ਕੁੱਝ ਆਇਆ
ਤਾਂ ਤੜ੍ਹਪ ਆਈ
ਜਾਂ ਦਿੱਲ ਦੇ ਵਿਹੜੇ
ਸਹਿਕ ਦਾ ਸਾਇਆ
ਰੱਬਾ ਲੇਖ ਕੇਹੇ
ਦੇ ਕੇ ਤੋਰਿਆ ਈ
ਦਿੱਲ ਪਿਆਰਾ ਵਾਲਾ
ਪਰ ਪਿਆਰ ਕੋਈ ਨਾ
ਅੱਗ ਇਸ਼ਕ ਦੀ ਨਾਲ ਭਰਪੂਰ ਸੀਨਾ
ਬਾਹਾਂ ਵਿੱਚ ਦਿੱਤਾ
ਐਪਰ ਯਾਰ ਕੋਈ ਨਾ
ਜਾਂ ਇਹ ਦਿੱਲ ਲੈ ਲੈ
ਜਾਂ ਤੂੰ ਪਿਆਰ ਦੇ ਦੇ
ਸੱਖਣਾਪਨ ਹੁਣ
ਹੋਰ ਨਹੀਂ ਸਹਿ ਹੁੰਦਾ
ਸਾਡੇ ਹਾਲ ਦਾ
ਕੁੱਝ ਤਾਂ ਖਿਆਲ ਰੱਖ ਲੈ

ਏਸ ਮੌਸਮ ਵਿੱਚ
ਕੱਲੇ ਨਹੀਂ ਰਹਿ ਹੁੰਦਾ
ਸਾਨੂੰ ਦਿੱਲ ਦਿੱਤਾ
ਰੱਬ ਨੇ ਵੱਖਰਾ ਈ
ਜੱਗ ਵਿੱਚ
ਪਿਆਰ ਪਿਆ ਮੰਗਦਾ ਏ
ਕੋਈ ਚੰਗਾ ਆਖੇ
ਭਾਵੇਂ ਮਾੜਾ ਆਖੇ
ਗਜਿੰਦਰ ਸਿੰਘ ਬੰਦਾ
ਆਪਣੇ ਰੰਗ ਦਾ ਏ
ਇੱਕ ਰਾਤ ਕਾਲੀ
ਇੱਕ ਹਵਾ ਠੰਡੀ
ਉਤੋਂ ਕਿਣ ਮਿਣ
ਕਿਣ ਮਿਣ ਸ਼ੁਰੂ ਹੋਈ
ਤੇਰੀ ਯਾਦ ਆਈ
ਟੁੱਟੇ ਬੰਨ੍ਹ ਸਾਰੇ
ਦਿੱਲ ਦੇ ਵਹਿਣ ਤੇ
ਰਿਹਾ ਨਾ ਵੱਸ ਕੋਈ

+

(12-3-1987)

ਲਹੂ ਕੌਣ ਬਹਾ ਰਿਹਾ ਹੈ

(15/3/87 ਨੂੰ ਦਿੱਲੀ ਦੂਰਦਰਸ਼ਨ ਵੱਲੋਂ ਦਿਖਾਏ ਗਏ ਇੱਕ ਹਾਸਰੱਸ ਕਵੀ ਦਰਬਾਰ ਨੂੰ
ਦੇਖਣ ਸੁਣਨ ਤੋਂ ਬਾਦ, ਹਿੰਦੀ ਕਵੀ ਅਸ਼ੋਕ ਚੱਕਰਧਰ ਦੇ ਨਾਮ)

ਲਫ਼ਜ਼ਾਂ ਦੀ ਜਾਦੂਗਰੀ ਨਾਲ
ਸੱਚ ਨੂੰ ਝੂਠ, ਤੇ ਝੂਠ ਨੂੰ ਸੱਚ ਕਹਿਣਾ
ਤੁਹਾਨੂੰ ਬਹੁਤ ਵਧੀਆ ਆਉਂਦਾ ਹੈ
ਤੁਹਾਡਾ ਹਾਸਰੱਸ ਦਾ ਮਜ਼ਮਾਂ
ਤੇ ਹੋਲੀ ਦੇ ਰੰਗਾਂ ਵਿੱਚ ਘੁੱਲੀ ਹੋਈ ਤੁਹਾਡੀ ਰਾਸ਼ਟਰੀ ਏਕਤਾ
ਇਹ ਸੱਭ ਕਿਸ ਨੂੰ ਭਰਮਾਉਂਦਾ ਹੈ ?
ਉਹਨਾਂ ਲੋਕਾਂ ਨੂੰ
ਜਿਨ੍ਹਾਂ ਦੀਆਂ ਆਸਤੀਨਾਂ 'ਚ ਲੱਗੇ
ਸਿੱਖ ਲਹੂ ਦੇ ਧੱਬੇ, ਹਾਲੇ ਮਿਟੇ ਨਹੀਂ ਹਨ
ਜਾਂ ਉਹਨਾਂ ਨੂੰ
ਜਿਨ੍ਹਾਂ ਨੂੰ ਕੁੱਛੜ ਬੈਠੇ ਕਾਤਲ ਵੀ
ਵਿਖਾਈ ਨਹੀਂ ਦਿੰਦੇ
ਜਾਂ ਫਿਰ ਤੁਹਾਨੂੰ
ਕਵੀ ਜਨਾਂ ਨੂੰ ਹੀ ਫਰਜ਼ ਸ਼ਨਾਸੀ ਦੀ
ਤਸਕੀਨ ਪਹੁੰਚਾਉਂਦਾ ਹੈ
ਜ਼ਰਾ ਦੱਸੋ ਤਾਂ ਸਹੀ
ਇਹ ਸੱਭ ਕਿਸ ਨੂੰ ਭਰਮਾਉਂਦਾ ਹੈ ?

ਸਾਡੇ ਤੁਹਾਡੇ ਲਹੂ ਦਾ ਰੰਗ ਇੱਕ ਹੈ
ਇਸ ਤੋਂ ਕਦ ਇਨਕਾਰ ਹੈ ਸਿੱਖਾਂ ਦੇ ਡੁੱਲ੍ਹ ਰਹੇ ਲਹੂ ਤੇ
ਦੱਸੋ ਜ਼ਰਾ ਐ ਕਵੀ ਜਨੋ
ਕਿਸ ਬਹਾਏ ਸੀ ਹੰਝੂ
ਤੇ ਅੱਜ ਕਿਹੜਾ ਤਿਆਰ ਹੈ ?

ਜਦੋਂ ਦਿੱਲੀ ਦੀਆਂ ਸੜ੍ਹਕਾਂ ਉਤੇ

ਭਾਰਤ ਮਾਂ ਦੇ ਸਪੂਤਾਂ ਵੱਲੋਂ
ਸਾਡਾ ਲਹੂ ਬਹਾਇਆ ਜਾ ਰਿਹਾ ਸੀ
ਉਦੋਂ ਕੀ ਤੁਹਾਨੂੰ
ਹੋਲੀ ਦਾ ਰੰਗ ਨਜ਼ਰ ਆ ਰਿਹਾ ਸੀ
ਤੁਹਾਨੂੰ ਕੀ ਲਹੂ ਦੀ ਲਾਲੀ
ਕੇਵਲ ਉਦੋਂ ਹੀ ਨਜ਼ਰ ਆਉਂਦੀ ਹੈ
ਜਦੋਂ ਕਿਸੇ ਐਸੀ ਵਿਧਵਾ ਦੀ ਆਹ
ਜਿਸਨੇ ਆਪਣਾ ਪਤੀ
ਆਪਣੀਆਂ ਨਜ਼ਰਾਂ ਸਾਹਵੇਂ
ਜਿਉਂਦਾ ਸੜ੍ਹਦਾ ਵੇਖਿਆ ਹੋਵੇ
ਬਾਰੂਦ ਦਾ ਰੂਪ ਧਾਰ ਜਾਂਦੀ ਹੈ
ਜਾਂ ਅਕਾਲ ਤਖੱਤ ਦੇ ਢਾਹੇ ਜਾਣ ਤੇ
ਕਿਸੇ ਦੀਪਕ ਜਲਾਣ ਵਾਲੇ ਦੀ ਲਾਸ਼
ਪੰਜਾਬ ਦੇ ਅਮਨ ਨੂੰ ਅੱਗ ਲਾਉਂਦੀ ਹੈ
ਤੁਹਾਨੂੰ ਤਾਂ ਲਹੂ ਦੀ ਲਾਲੀ
ਕੇਵਲ ਉਦੋਂ ਹੀ ਨਜ਼ਰ ਆਉਂਦੀ ਹੈ

ਹੱਕਾਂ ਲਈ ਜੂਝਣ ਵਾਲੇ
ਜਿਨ੍ਹਾਂ ਨੂੰ ਤੁਸੀਂ ਅੱਤਵਾਦੀ ਕਹਿੰਦੇ ਹੋ
ਜਿਨ੍ਹਾਂ ਦਾ ਲਹੂ ਡੋਲਣ ਲਈ
ਹਰ ਵੇਲੇ, ਹਰ ਘੜੀ ਤਿਆਰ ਰਹਿੰਦੇ ਹੋ
ਤੁਸੀਂ ਉਹਨਾਂ ਨੂੰ
ਕੇਵਲ ਇਸੇ ਲਈ ਇਨਸਾਨ ਨਹੀਂ ਗਿਣਦੇ
ਕਿ ਉਹ ਦਿੱਲੀ ਦੇ ਤਖੱਤ ਸਾਹਵੇਂ
ਸਿਰ ਝੁਕਾਉਣ ਲੀ ਤਿਆਰ ਨਹੀਂ
ਅਤੇ ਤੁਹਾਡੀ ਸੋਚ ਦੀ ਧਾਰਾ
ਜਿਸ ਨੂੰ ਤੁਸੀਂ ਮੁੱਖ ਧਾਰਾ ਕਹਿੰਦੇ ਹੋ
ਉਸ ਵਿੱਚ ਆਪਣਾ ਆਪ
ਬਹਾਉਣ ਨੂੰ ਤਿਆਰ ਨਹੀਂ

ਉਹਨਾਂ ਦਾ ਇਹੀ ਦੋਸ਼ ਹੈ
ਕਿ ਉਹ ਆਪਣੀ ਕਿਸਮੱਤ ਦੇ ਆਪ
ਮਾਲਕ ਬਣਨਾ ਲੋਚਦੇ ਨੇ
ਅਤੇ ਤੁਹਾਡੇ ਤੋਂ
ਇੱਕ ਵੱਖਰੇ ਤਰੀਕੇ ਨਾਂਲ ਸੋਚਦੇ ਨੇ
ਹੱਕਾਂ ਲਈ ਜੂਝਣ ਵਾਲੇ

ਜੇ ਆਪਣੀ ਵਿਲੱਖਣ ਸੋਚ ਕਾਰਨ ਹੀ
ਤੁਹਾਡੀ ਨਜ਼ਰ ਵਿੱਚ ਹੈਵਾਨ ਨੇ
ਤਾਂ ਸੰਤਾਲੀ ਤੋਂ ਪਹਿਲਾਂ ਦੇ ਹੈਵਾਨਾਂ ਲਈ
ਸ਼ਹੀਦ ਦਾ ਨਾਮ ਦੇ ਕੇ
ਅੱਜ ਕਿਉਂ ਸਨਮਾਨ ਨੇ
ਤੁਹਾਡੀ ਸੋਚ ਦੇ ਮਾਪਦੰਡ ਮੁਤਾਬਕ
ਅੱਜ ਦੁਨੀਆਂ ਵਿੱਚ
ਹੈਵਾਨਾਂ ਦੀ ਕਮੀਂ ਹੈ
ਫਲਸਤੀਨ, ਨੈਮਿਬੀਆ, ਅਫਗਾਨਿਸਤਾਨ
ਇਹਨਾ ਦੀ ਸੂਚੀ ਤਾਂ ਬਹੁਤ ਲੰਮੀ ਹੈ

ਸਾਡੇ ਤੁਹਾਡੇ ਲਹੂ ਦਾ ਰੰਗ ਇੱਕ ਹੈ
ਏਸ ਤੋਂ ਇਨਕਾਰ ਨਹੀਂ
ਇਹ ਵੀ ਨਹੀਂ
ਕਿ ਸਾਨੂੰ ਰਗ਼ਾਂ ਵਿੱਚ ਦੌੜਦੇ ਹੋਏ ਲਹੂ ਨਾਲ
ਕੋਈ ਪਿਆਰ ਨਹੀਂ
ਜ਼ਰੂਰਤ ਕੇਵਲ ਇਹ ਦੇਖਣ ਦੀ ਹੈ
ਕਿ ਲਹੂ ਕੌਣ ਬਹਾ ਰਿਹਾ ਹੈ
ਅਤੇ ਕਿਸ ਦਾ ਬਹਿ ਰਿਹਾ ਹੈ
ਕੀ ਲਹੂ ਡੋਲਣ ਵਾਲਾ
ਅਤੇ ਵਿਸ਼ਵਾਸ਼ ਨੂੰ, ਵਿਸ਼ਵਾਸ਼ਘਾਤ ਨਾਲ ਤੋਲਣ ਵਾਲਾ
ਉਹੀ ਤਾਂ ਨਹੀਂ
ਜੋ ਕੂਕ ਕੂਕ ਕੇ
ਅਤੇ ਕਦੇ ਗਾ ਗਾ ਕੇ
ਅਤੇ ਕਦੇ ਨਾਹਰੇ ਲਾ ਕੇ
ਅਮਨ, ਏਕਤਾ, ਭਾਈਚਾਰੇ ਦੀ
ਬਾਤ ਕਹਿ ਰਿਹਾ ਹੈ
ਜ਼ਰੂਰਤ ਕੇਵਲ ਇਹ ਦੇਖਣ ਦੀ ਹੈ
ਲਹੂ ਕੌਣ ਬਹਾ ਰਿਹਾ ਹੈ ?
ਤੇ ਕਿਸ ਦਾ ਬਹਿ ਰਿਹਾ ਹੈ ?

+

(17-3—1987)

ਕਦੇ ਇੰਝ ਲੱਗਦਾ ਹੈ

ਕਦੇ ਇੰਝ ਲੱਗਦਾ ਹੈ
ਕਿ ਪਲ ਪਲ ਟੁੱਟ ਰਿਹਾ ਹਾਂ ਮੈਂ
ਕਦੇ ਇੰਝ ਲੱਗਦਾ ਹੈ
ਹਰ ਘੜੀ ਨਵੀਆਂ ਸਿੱਖਰਾਂ ਛੋਹ ਰਿਹਾ ਹਾਂ ਮੈਂ
ਕਦੇ ਇੰਝ ਲੱਗਦਾ ਹੈ
ਹਾਸਿਆਂ ਨਾਲ ਭਰੀ ਹੈ ਝੋਲ ਮੇਰੀ
ਕਦੇ ਇੰਝ ਲੱਗਦਾ ਹੈ
ਦੁਨੀਆਂ ਤੋਂ ਲੁੱਕ ਲੁੱਕ ਰੋ ਰਿਹਾ ਹਾਂ ਮੈਂ
ਕਦੇ ਇੰਝ ਲੱਗਦਾ ਹੈ
ਕਿ ਨੇਰ੍ਹੀਆਂ ਰਾਤਾਂ 'ਚ ਅੱਖਾਂ ਮੀਟ ਕੇ ਵੀ ਨੀਂਦ ਨਹੀਂ ਆਈ
ਕਦੇ ਇੰਝ ਲੱਗਦਾ ਹੈ
ਦਿਨ ਦਿਹਾੜ੍ਹੇ ਖੁੱਲ੍ਹੀਆਂ ਅੱਖਾਂ ਸੌ ਰਿਹਾ ਹਾਂ ਮੈਂ
ਭਾਵੇਂ ਦਾਅਵਾ ਹੈ ਮੇਰਾ
ਖੁੱਲ੍ਹੀ ਕਿਤਾਬ ਵਾਂਗ ਹੈ ਜ਼ਿੰਦਗੀ ਮੇਰੀ
ਕਦੇ ਇੰਝ ਲੱਗਦਾ ਹੈ
ਬਹੁਤ ਕੁੱਝ ਦੁਨੀਆਂ ਤੋਂ ਹਾਲੇ ਲਕੋ ਰਿਹਾ ਹਾਂ ਮੈਂ

+

(3-5-1987)

ਖੁਸ਼ੀਆਂ ਨਹੀਂ ਖਵਾਹਿਸ਼ਾਂ

ਖੁਸ਼ੀਆਂ ਨਹੀਂ ਖਵਾਹਿਸ਼ਾਂ
ਹਿੱਸੇ ਅਸਾਡੇ ਆਈਆਂ
ਸਾਡੀ ਰੂਹ ਪਿਆਸੀ ਪਿਆਸੀ
ਨਜ਼ਰਾਂ ਵੀ ਨੇ ਤਰਿਹਾਈਆਂ
ਕਿਸਮੱਤ ਦੀਆਂ ਲਕੀਰਾਂ
ਰੱਬ ਨੇ ਨਾ ਬੱਦਲੀਆਂ
ਅਰਜ਼ਾਂ ਵੀ ਕੀਤੀਆਂ ਅਸਾਂ
ਦੁਹਾਈਆਂ ਵੀ ਰੱਜ ਕੇ ਪਾਈਆਂ
ਅਣਚਾਹੀ ਜਿਹੀ ਹੈ ਭਾਵੇਂ
ਤੇਰੀ ਦੇਣ ਜ਼ਿੰਦਗੀ ਦੀ
ਪਰ ਜੀਣ ਲਈ ਇਸ ਵਿੱਚ
ਕਈ ਹਸਰਤਾਂ ਸਜਾਈਆ
ਅਸੀਂ ਹਸਰਤਾਂ ਅਪੂਰਣ
ਸੁਪਨਿਆਂ ਵਿੱਚ ਪੂਰੀਆਂ
ਖਵਾਬਾਂ ਵਿੱਚ ਖੁਸ਼ੀਆਂ ਦੀਆਂ
ਕਲੀਆਂ ਖਿੜ੍ਹਾਈਆਂ
ਹਕੀਕਤ 'ਚ ਜੋ ਨਾ ਮਿਲਿਆ
ਸੁਪਨੇ'ਚ ਪਾ ਲਿਆ ਹੈ
ਅਸਾਂ ਇੱਕੋ ਜ਼ਿੰਦਗੀ ਵਿੱਚ
ਕਈ ਜ਼ਿੰਦਗੀਆਂ ਬਿਤਾਈਆਂ
ਖੁਸ਼ੀਆਂ ਨਹੀਂ ਖਵਾਹਿਸ਼ਾਂ
ਹਿੱਸੇ ਅਸਾਡੇ ਆਈਆਂ

+

(30– 5–1987)

ਦਰਦ ਅਸਾਂ ਗੱਲ ਲਾਏ

ਦਸ ਨੀ ਮਾਏ, ਮੇਰੀਏ ਮਾਏ
ਅਸਾਂ ਕੀ ਪਾਪ ਕਮਾਏ
ਜੰਙੂਆਂ ਦੇ ਸੱਤੇ ਸਮੁੰਦਰ
ਸਾਡੇ ਹਿੱਸੇ ਆਏ
ਖੁਸ਼ੀ ਤਾਂ ਸਾਡੇ ਲਈ ਬਿਗ਼ਾਨੀ
ਕੋਲੋਂ ਵੀ ਨਾ ਲੰਘੇ
ਭੁੱਲ ਭੁਲੇਖੇ ਜੇ ਕਦੇ ਲੰਘੇ
ਲੰਘਦੀ ਅੱਖ ਚੁਰਾਏ
ਰੱਬ ਸਬੱਬੀ ਅੱਖ ਮਿਲੀ
ਸਾਡੀ ਨਾਲ ਕਦੇ ਜੇ ਖੁਸ਼ੀਆਂ
ਵਿਹੜ੍ਹੇ ਪੈਰ ਧਰਨ ਤੋਂ ਪਹਿਲਾਂ
ਨਜ਼ਰ ਕੋਈ ਡੱਸ ਜਾਏ
ਮੰਗਣ ਗਏ ਉਧਾਰ ਅਸੀਂ
ਸਾਡਾ ਮਾਣ ਕਿਸੇ ਨਾ ਰਖਿਆ
ਖੁਸ਼ੀਆਂ ਦੀ ਥਾਂ ਦਰਦ ਪਾ ਝੋਲੀ
ਹਰ ਦਰ ਨੇ ਪਰਤਾਏ
ਦਰਦਾਂ ਨਾਲ ਅਸਾਂ ਜੋੜ੍ਹਿਆ ਰਿਸ਼ਤਾ
ਛੱਡ ਖੁਸ਼ੀਆਂ ਦਾ ਖਹਿੜ੍ਹਾ
ਦਰਦਾਂ ਨੂੰ ਅਸਾਂ ਜਾਣ ਮੁਕੱਦਰ
ਦਰਦ ਅਸਾਂ ਗੱਲ ਲਾਏ
ਦਰਦ, ਦਰਦ ਨਾਲ ਸਾਂਝੇ ਹੋਏ
ਫੁੱਲ ਖੁਸ਼ੀਆਂ ਦੇ ਖਿੜ੍ਹ ਪਏ
ਸਾਡੇ ਵਿਹੜ੍ਹੇ ਫੁੱਲ ਖਿੜ੍ਹੇ
ਕਿਸਮੱਤ ਨੂੰ ਰਾਸ ਨਾ ਆਏ
ਫੁੱਲ, ਮਹਿਕ, ਤੇ ਚਾਅ ਮਾਣਨ ਦਾ
ਸੱਭ ਕੁੱਝ ਤਾਂ ਹੈ
ਮਾਏ ਤੇਰਾ ਪੁੱਤ ਬਦਕਿਸਮੱਤ
ਕਿਸਮੱਤ ਕਿੱਥੋਂ ਲਿਆਏ

ਕਰ ਨੀ ਮਾਏ ਹੀਲਾ ਕੋਈ
ਕਰ ਕੋਈ ਅਰਦਾਸ
ਖੁਸ਼ੀ ਦਰਦ 'ਚੋਂ ਭਾਲੀ ਅਸਾਂ ਜੋ
ਕਦੇ ਤਾਂ ਫੇਰਾ ਪਾਏ

ਦਸ ਨੀ ਮਾਏ, ਮੇਰੀਏ ਮਾਏ
ਅਸਾਂ ਕੀ ਪਾਪ ਕਮਾਏ
ਜੇਠੂਆਂ ਦੇ ਸੱਤੇ ਸਮੁੰਦਰ
ਸਾਡੇ ਹਿੱਸੇ ਆਏ

+

(6-7-1987)

ਅਮਨ ਦੀ ਕੰਧ

(ਦਿੱਲੀ ਦੇ ਮਾਲਕਾਂ ਦੇ ਨਾਮ)

ਜੱਦ ਵੀ ਜਿੱਥੇ ਵੀ ਲਹੂ ਡੁੱਲ੍ਹਦਾ ਹੈ
ਮੇਰਾ ਅੰਦਰ ਹਮੇਸ਼ਾਂ ਹਿੱਲਦਾ ਹੈ
ਕੀ ਜਾਣਾ 'ਕਸੂਰ' ਕਿਸ ਦਾ ਹੈ
ਸੋਚ ਦਾ ਹੈ, ਜਾਂ ਮੇਰੇ ਦਿੱਲ ਦਾ ਹੈ
'ਜੰਗ ਵਿੱਚ ਸੱਭ ਜਾਇਜ਼ ਹੈ'
ਉਹ ਕਹਿੰਦੇ ਨੇ
ਸਾਡੇ ਵਿਹੜ੍ਹੇ ਵੀ
ਦਰਿਆ ਲਹੂ ਦੇ ਵਹਿੰਦੇ ਨੇ
ਜੱਦ ਵੀ ਕੋਈ ਮੁਕਾਬਲਾ ਹੁੰਦੈ
'ਇੰਤਹਾਪਸੰਦ' ਜੱਦ ਵੀ ਮਾਰੇ ਜਾਂਦੇ ਨੇ
ਨਵੇਂ ਕਰਜ਼ੇ ਸਿਰਾਂ ਤੇ ਚੜ੍ਹਦੇ ਨੇ
ਫਿਰ ਕਰਜ਼ੇ ਉਤਾਰੇ ਜਾਂਦੇ ਨੇ
ਹੰਝੂਆਂ, ਆਹਾਂ, ਤੇ ਕੁਰਲਾਟਾਂ ਦਾ
ਇੱਕ ਸਿਲਸਿਲਾ ਚਿਰਾਂ ਤੋਂ ਜਾਰੀ ਹੈ
ਜੰਗ ਤੁਸਾਂ ਦਾਅਵਿਆਂ ਬਾਦ ਜਿੱਤੀ ਨਹੀਂ
ਅਸਾਂ ਵੀ ਜੰਗ ਕੱਦ ਕੋਈ ਹਾਰੀ ਹੈ
ਅੱਜ ਜੇ ਤੁਸਾਂ ਆਪਣੀ ਫਤਿਹ ਸਮਝੀ ਹੈ
ਕਲ ਯਕੀਨਨ ਸਾਡੀ ਵਾਰੀ ਹੈ
ਮਾਣ ਤਾਕਤ ਦਾ ਤੁਹਾਨੂੰ ਰੱਜ ਕੇ ਹੈ
ਹੌਂਸਲਾ ਸਾਡਾ ਵੀ ਤਾਂ ਭਾਰੀ ਹੈ
ਲੇਬਲ ਦਰਿੰਦਗੀ ਦਾ
ਸਾਡੇ ਮੱਥੇ ਚਿਪਕਾ ਕੇ
ਵਹਿਸ਼ੀਪੁਣੇ ਦਾ ਇਲਜ਼ਾਮ
ਸਾਡੇ ਸਿਰ ਲਾ ਕੇ
ਰੇਡੀਓ, ਟੀ ਵੀ, ਤੇ ਅਖਬਾਰਾਂ ਰਾਹੀਂ
ਉੱਚੀ ਉੱਚੀ ਦੁਹਾਈ ਪਾਉਂਦੇ ਹੋ
ਆਪਣੇ ਵਸੀਲਿਆਂ ਦੀ ਤਾਕਤ ਨਾਲ
ਸਾਨੂੰ ਜੱਗ ਨਜ਼ਰ ਵਿੱਚ ਗਿਰਾਣਾ ਚਾਹੁੰਦੇ ਹੋ
'ਬੰਦ, ਹੜਤਾਲ' ਕਰ, ਬਿਆਨ ਦੇ ਕੇ
ਬਸ ਇੰਝ ਸੁਰਖਰੂ ਹੋ ਜਾਂਦੇ ਹੋ

ਲਹੂ ਨੂੰ ਵੋਟਾਂ ਦਾ ਰੂਪ ਦੇਣ ਲਈ
ਏਕਤਾ ਏਕਤਾ ਕੁਰਲਾਉਂਦੇ ਹੋ
ਕਦੇ ਤਾਂ ਇਸ ਤਰ੍ਹਾਂ ਵੀ ਸੋਚ ਵੇਖੋ
ਕੀ ਘੱਟਦੇ ਹੋ, ਕੀ ਕਮਾਉਂਦੇ ਹੋ ?

ਕੌਣ ਹਨ ਇਹ 'ਦਰਿੰਦੇ'
ਇਹ ਵਹਿਸ਼ੀ ਕੌਣ ਹਨ
ਚਾਰ ਪੈਰਾਂ ਵਾਲੇ ਨਹੀਂ
ਤੁਹਾਡੇ ਵਾਂਗ ਹੀ ਦੋ ਪੈਰੇ ਹਨ
ਨਹੁੰ ਵੀ ਲੰਬੇ ਨਹੀਂ ਇਹਨਾਂ ਦੇ
ਮੂੰਹ ਤੇ ਦਿਸਦਾ ਇਹਨਾਂ ਦੇ ਲਹੂ ਨਹੀਂ
ਦੇਖਣ ਵਿੱਚ ਵੀ ਲੱਗਦੇ ਨਹੀਂ ਵੱਖਰੇ ਕੋਈ
ਬਦਨ ਦੇ ਵੀ ਇਹ ਇਕਹਿਰੇ ਨੇ
ਇਹ ਕੀ ਭਾਲਦੇ ਨੇ, ਕੀ ਚਾਹੁੰਦੇ ਨੇ
ਮਰਦੇ ਮਾਰਦੇ, ਲੜਦੇ ਕਿਉਂ ਨੇ ?
ਮੌਤ ਦੇ ਚਾਅ ਵਿੱਚ ਗੋਲੀਆਂ ਸਾਹਵੇਂ
ਹੱਸਦੇ ਹੱਸਦੇ ਖੜ੍ਹਦੇ ਕਿਉਂ ਨੇ ?

ਜਿਸ ਦਿਨ ਤੁਸੀਂ ਇਹ ਸੋਚੋਗੇ
ਮਹਿਸੂਸ ਕਰੋਗੇ
ਉਸ ਦਿਨ ਅਮਨ ਦੀ ਕੰਧ ਦੀ
ਬੁਨਿਆਦ ਧਰੋਗੇ
ਬੁਝੇਗੀ ਅੱਗ,
ਲਹੂ ਦਾ ਵਹਿਣ ਵੀ ਰੁੱਕ ਜਾਏਗਾ
ਨਾ ਫਿਰ ਕੋਈ ਚੀਕ ਉੱਠੇਗੀ
ਨਾ ਕੋਈ ਕੁਰਲਾਏਗਾ
ਤੁਸੀਂ ਆਪਣੇ ਘਰ ਖੁਸ਼ ਰਹੋ
ਸਾਨੂੰ ਆਪਣੇ ਰਹਿਣ ਦਿਓ

ਤੁਹਾਡੇ ਹੱਥ ਹੈ
ਰੋਕੋ ਲਹੂ ਜਾਂ ਵਹਿਣ ਦਿਓ

ਜਦ ਵੀ ਜਿੱਥੇ ਵੀ ਲਹੂ ਡੁੱਲ੍ਹਦਾ ਹੈ
ਮੇਰਾ ਅੰਦਰ ਹਮੇਸ਼ਾਂ ਹਿੱਲਦਾ ਹੈ
ਕੀ ਜਾਣਾ 'ਕਸੂਰ' ਕਿਸ ਦਾ ਹੈ
ਸੋਚ ਦਾ ਹੈ, ਜਾਂ ਮੇਰੇ ਦਿੱਲ ਦਾ ਹੈ
+

(8-7-1987)

ਆਪਣਾ ਪਰਾਇਆ

ਸੁਣਾਓ ਭੈਣੋ ਮੇਰੀਓ
ਕੋਈ ਗੱਲ ਸੁਣਾਓ
ਯਾਦਾਂ ਦੀ ਕਿਤਾਬ ਦਾ
ਕੋਈ ਵਰਕ ਪਰਤਾਓ
ਗੱਲ ਵਿੱਛੜੇ ਹੋਏ ਪਰਿਵਾਰ ਦੀ
ਜਾਂ ਮਾਂ ਮੇਰੀ ਦੇ ਪਿਆਰ ਦੀ
ਕਿਸੇ ਭੈਣ ਦੀ, ਕਿਸੇ ਵੀਰ ਦੀ
ਮੇਰੇ ਪਿਤਾ ਬਜ਼ੁਰਗਵਾਰ ਦੀ
ਕੀ ਹਾਲ ਹੈ ਮੇਰੀ ਸਿੰਘਣੀ ਦਾ
ਬਿੱਕੀ ਬੇਟੀ ਕੀ ਕਹਿੰਦੀ ਏ
ਪੜ੍ਹਦੀ ਵੀ ਹੈ ਦਿੱਲ ਲਾ ਕੇ, ਜਾਂ
ਬਸ ਹੱਸਦੀ ਖੇਡਦੀ ਰਹਿੰਦੀ ਏ
ਕੈਸਾ ਹੈ ਘਰ ਦਾ ਕਾਰੋਬਾਰ
ਕੈਸੇ ਨੇ ਸੱਜਣ ਰਿਸ਼ਤੇਦਾਰ
ਇੱਤਫਾਕ ਦਾ ਘਰ ਵਿੱਚ ਵਾਸਾ ਹੈ
ਕਿਤੇ ਫੁੱਟ ਦੀ ਤਾਂ ਨਹੀਂ ਵੱਘੀ ਮਾਰ

ਕਿਸੇ ਗੁਰਪੁਰਬ, ਕਿਸੇ ਦਿ ਤਿਓਹਾਰ
ਕਿਸੇ ਖੁਸ਼ੀਆਂ ਭਰੇ ਹੋਏ ਐਤਵਾਰ
ਮੈਨੂੰ ਯਾਦ ਤਾਂ ਕਰਦੇ ਹੋਵੋਗੇ
ਜਦ ਰਲ ਮਿੱਲ ਬਹਿੰਦੇ ਹੋਵੋਗੇ
'ਉਹ ਚੰਗਾ ਸੀ, ਜਾਂ ਮਾੜਾ ਸੀ'
ਕੁੱਝ ਨਾ ਕੁੱਝ ਕਹਿੰਦੇ ਹੋਵੋਗੇ
ਕਿਸੇ ਦੁੱਖ ਸੁੱਖ ਦੇ ਮੌਕੇ ਤੇ
ਇੰਝ ਵੀ ਤਾਂ ਸੋਚਦੇ ਹੋਵੋਗੇ
'ਜੇ ਉਹ ਹੁੰਦਾ ਤਾਂ ਇੰਝ ਕਰਦਾ
ਜੇ ਉਹ ਹੁੰਦਾ ਤਾਂ ਇੰਝ ਕਹਿੰਦਾ
ਉਹ ਏਸ ਦੁੱਖ ਨੂੰ ਇੰਝ ਜਰ੍ਹਦਾ
ਉਹ ਏਸ ਖੁਸ਼ੀ ਨੂੰ ਇੰਝ ਲੈਂਦਾ'

ਜੱਦ ਵੀ ਇੰਝ ਸੋਚਦੇ ਹੋਵੋਂਗੇ
ਮੁੜ ਮੇਲ ਲੋਚਦੇ ਹੋਵੋਂਗੇ

ਰੱਲ ਰੋਟੀ ਖਾਣ ਬੈਠਿਆਂ ਨੂੰ
ਕੀ ਯਾਦ ਕਦੇ ਮੇਰੀ ਆਈ ਹੈ
'ਕੀ ਤੇ ਕਿੰਝ ਖਾਂਦਾ ਹੋਵੇਗਾ'
ਕਦੇ ਸੋਚ ਕੇ ਰੁਕੀ ਗਰਾਹੀ ਹੈ
ਜੋ ਪਕਿਆ ਛੱਡ ਕੇ ਆਇਆ ਸਾਂ
ਜੱਦ ਵੀ ਉਹ ਪੱਕਦਾ ਹੋਵੇਗਾ
ਉਦੋਂ ਯਾਦ ਤਾਂ ਆਉਂਦਾ ਹੋਵਾਂਗਾ
ਅਖੀਆਂ ਛਲਕਾਉਂਦਾ ਹੋਵਾਂਗਾ

ਮੈਂ ਚੰਗਾ ਸਾਂ, ਜਾਂ ਮਾੜਾ ਸਾਂ
ਮੈਂ ਜੋ ਸਾਂ, ਜਿਹੋ ਜਿਹਾ ਵੀ ਸਾਂ
ਆਖਿਰ ਤਾਂ ਤੁਹਾਡਾ ਆਪਣਾ ਸਾਂ
ਆਪਣਾ ਹੀ ਬਣ ਕੇ ਰਿਹਾ ਵੀ ਸਾਂ
ਜੱਦ ਵਕਤ ਨੇ ਗ਼ੈਰ ਬਣਾ ਦਿੱਤਾ
ਮੈਂ ਖਾਲੀ ਹੱਥ ਤੁਰ ਆਇਆ ਸਾਂ
ਘਰ ਮੇਰਾ ਸੀ, ਮੈਂ ਘਰ ਦਾ ਸਾਂ
ਆਪਣਾ ਹੋ ਕੇ ਵੀ ਪਰਾਇਆ ਸਾਂ
ਇਸ 'ਆਪਣੇ ਅਤੇ ਪਰਾਏ' ਨੂੰ
ਤੁਸੀਂ ਯਾਦ ਤਾਂ ਕਰਦੇ ਹੋਵੋਂਗੇ
ਦੋ ਹੰਝੂ ਯਾਦ ਦੀ ਝੋਲੀ ਵਿੱਚ
ਤੁਸੀਂ ਸੱਗਣ ਤਾਂ ਧਰਦੇ ਹੋਵੋਂਗੇ

ਸੁਣਾਓ ਭੈਣੋ ਮੇਰੀਓ
ਕੋਈ ਗੱਲ ਸੁਣਾਓ
ਯਾਦਾਂ ਦੀ ਕਿਤਾਬ ਦਾ
ਕੋਈ ਵਰਕ ਪਰਤਾਓ

+

(5-8-1987)

ਉਹਨਾਂ ਨਜ਼ਰਾਂ ਦਾ ਕੀ ਕਰੀਏ

(ਵਕਤ ਨਾਲ ਬਦਲਣ ਵਾਲੀਆਂ ਨਜ਼ਰਾਂ ਦੇ ਨਾਮ)

ਜੱਦ ਵੀ ਕਿਸੇ ਆਪਣਾ ਬਣ ਦਗ਼ਾ ਦਿੱਤਾ ਹੈ
ਜੱਦ ਵੀ ਕਿਸੇ ਗ਼ੈਰ ਬਣ ਵੰਗਾਰਿਆ ਹੈ
ਮੇਰੇ ਜਜ਼ਬਿਆਂ ਨੂੰ ਹੋਰ ਉਭਾਰਿਆ ਹੈ
ਮੇਰੀ ਕਲਮ ਨੂੰ ਹੋਰ ਸੰਵਾਰਿਆ ਹੈ
ਦੋਸਤੀ ਵਿੱਚ ਸੱਭ ਕੁੱਝ ਭੁਲਾ ਦਿੰਦਾ ਹਾਂ
ਪਿਆਰ ਵਿੱਚ ਸੱਭ ਕੁੱਝ ਲੁਟਾ ਦਿੰਦਾ ਹਾਂ
ਉਹ ਵੀ ਦੋਸਤ ਨੇ ਜਿਹਨਾਂ ਦਾ ਮਾਰਿਆ ਹੋਇਆਂ
ਉਹ ਵੀ ਦੋਸਤ ਨੇ ਜਿਹਨਾਂ ਦੇ ਸਿਰ ਤੇ ਜ਼ਿੰਦਾ ਹਾਂ
ਕਿਸੇ ਦੀ ਨਜ਼ਰ ਦਾ ਤਾਰਾ ਵੀ ਹਾਂ ਮੈਂ
ਕਿਸੇ ਦੀ ਨਜ਼ਰ ਦਾ ਗ਼ੁਨਾਹਗਾਰ ਵੀ ਹਾਂ
ਕਿਸੇ ਦੀ ਨਜ਼ਰ ਦਾ ਹੀਰੋ ਵੀ ਹਾਂ ਮੈਂ
ਕਿਸੇ ਦੀ ਨਜ਼ਰ ਦਾ ਗੱਦਾਰ ਵੀ ਹਾਂ ਮੈਂ
ਉਹਨਾਂ ਨਜ਼ਰਾਂ ਦਾ ਕੀ ਕਰੀਏ
ਵਿਸ਼ਵਾਸ ਕਿਸ ਤੇ ਕਿਵੇਂ ਧਰੀਏ
ਜੋ ਬਦਲਦੇ ਦੇਰ ਨਾ ਲਾਵਣ
ਵਕਤ ਦੇ ਨਾਲ ਫਿਰ ਜਾਵਣ
ਇੱਕ ਦਿਨ ਤਾਰਾ ਕਹਿਣ, ਹੀਰੋ ਕਹਿਣ
ਦੂਜੇ ਦਿਨ ਗ਼ੁਨਾਹਗਾਰੀ ਦਾ ਫਤਵਾ ਸੁਣਾਵਣ
ਉਹਨਾਂ ਨਜ਼ਰਾਂ ਦਾ ਕੀ ਕਰੀਏ
ਵਿਸ਼ਵਾਸ ਕਿਸ ਤੇ ਕਿਵੇਂ ਧਰੀਏ

+

(26-8-1987)

ਦੁਨੀਆਂ ਨੂੰ ਜਾਣਨ ਤੋਂ ਪਹਿਲਾਂ

ਦੁਨੀਆਂ ਨੂੰ ਜਾਣਨ ਤੋਂ ਪਹਿਲਾਂ
ਮੈਂ ਆਪਣੇ ਆਪ ਨੂੰ ਜਾਣ ਤਾਂ ਲਾਂ
ਕੀ ਚੰਗਾ ਤੇ ਕੀ ਮਾੜਾ ਹੈ
ਪਹਿਚਾਣ ਕਰੇ ਕੋਈ ਕੀ ਇਸ ਦੀ
ਕੁੱਝ ਹੋਰ ਪਹਿਚਾਣਨ ਤੋਂ ਪਹਿਲਾਂ
ਮੈਂ ਆਪਣਾ ਆਪ ਪਹਿਚਾਣ ਤਾਂ ਲਾਂ
ਮੈਂ ਮਾੜਾ ਕਿਸੇ ਨੂੰ ਕੀ ਆਖਾਂ
ਮੇਰੇ ਕੋਲ ਕੀ ਚੰਗਿਆਈ ਹੈ
ਕਦੇ ਕਦੇ ਤਾਂ ਇੰਝ ਵੀ ਲੱਗਦਾ ਹੈ
ਜ਼ਿੰਦਗੀ ਬਸ ਐਵੇਂ ਲੰਘਾਈ ਹੈ
ਕਦੇ ਕਦੇ ਤਾਂ ਇੰਝ ਵੀ ਲੱਗਦਾ ਹੈ
ਮੈਂ ਏਸ ਸਮੇਂ ਦਾ ਹਾਣੀ ਨਹੀਂ
ਮੈਂ ਏਸ ਨਾਲ ਤੁਰ ਸਕਿਆ ਨਹੀਂ
ਮੈਂ ਇਸ ਦੀ ਨਬਜ਼ ਪਛਾਣੀ ਨਹੀਂ
ਇਥੇ ਸੱਚ, ਝੂਠ ਬਣ ਜਾਂਦਾ ਹੈ
ਇੱਥੇ ਝੂਠ ਸੱਚ ਅਖਵਾਂਦਾ ਹੈ
ਕਦੇ ਇਹ ਉਸਦਾ, ਕਦੇ ਉਹ ਇਸਦਾ
ਜਦ ਚਾਹੇ ਰੂਪ ਵਟਾਉਂਦਾ ਹੈ
ਦੋਹਾਂ ਵਿੱਚ ਅੰਤਰ ਭਾਲਦਿਆਂ
ਆਪਣੀ ਪਹਿਚਾਣ ਹੀ ਗੁੰਮ ਜਾਵੇ
ਸੱਚ ਨੂੰ, ਸੱਚ ਫਿਰ ਕੋਈ ਕੀ ਆਖੇ
ਤੇ ਝੂਠ ਨੂੰ ਕੋਈ ਕਿਵ ਝੁਠਲਾਵੇ
ਦੁਨੀਆਂ ਨੂੰ ਜਾਣਨ ਤੋਂ ਪਹਿਲਾਂ
ਮੈਂ ਆਪਣੇ ਆਪ ਨੂੰ ਜਾਣ ਤਾਂ ਲਾਂ

+

(12-9-1987)

ਜਨਮ ਦਿਨ

ਕੱਲ ਜਦ ਸਵੇਰ ਹੋਵੇਗੀ
ਮੈਂ ਛੇ ਵਰ੍ਹਿਆਂ ਦਾ ਹੋ ਚੁੱਕਾ ਹੋਵਾਂਗਾ
ਅੱਜ ਰਾਤ
ਮੈਂ ਛੇਵੇਂ ਵਰ੍ਹੇ ਦੀ ਆਖਰੀ ਰਾਤ ਸੋਵਾਂਗਾ
ਗੱਲ ਉਮਰ ਦੀ ਨਹੀਂ ਹੈ, ਜ਼ਿੰਦਗੀ ਦੀ ਹੈ
ਮੈਂ ਮਾਂ ਦੀ ਕੋਖ 'ਚੋਂ
ਪੈਂਤੀ ਵਰ੍ਹੇ ਪਹਿਲਾਂ ਉਨੀ ਨਵੰਬਰ ਨੂੰ ਜਨਮਿਆਂ ਸਾਂ
ਮੇਰਾ ਦੂਜਾ ਜਨਮ ਦਿਨ ਕੱਲ ਹੈ
ਕੱਲ ਤੀਹ ਸਤੰਬਰ ਹੈ
ਛੇ ਵਰ੍ਹੇ ਪਹਿਲਾਂ ਏਸੇ ਦਿਨ
ਮੈਂ ਇੱਕ ਹੋਰ ਜਨਮ ਲਿਆ ਸੀ
ਜਦ ਇੱਕ ਸੀਖਾਂ ਵਾਲੇ ਦਰਵਾਜ਼ੇ ਪਿੱਛੇ
ਅਜਨਬੀ ਨਜ਼ਰਾਂ ਨਾਲ
ਛੱਤ ਨੂੰ ਘੂਰਦਾ ਇਕੱਲਾ ਪਿਆ ਸੀ

ਸ਼ੁਰੂ ਵਿੱਚ ਸਭ ਓਪਰਾ ਓਪਰਾ ਲੱਗਦਾ ਸੀ
ਉਹ ਕਮਰਾ,
ਕਮਰੇ ਨੂੰ ਲੱਗਾ ਤਾਲਾ,
ਤੇ ਬਾਹਰ ਖੜ੍ਹਾ ਸਿਪਾਹੀ
ਸਵੇਰ ਦੀ ਪਹਿਲੀ ਕਿਰਨ
ਸ਼ਾਮ ਦਾ ਸਾਂਵਲਾਪਨ
ਅਤੇ ਰਾਤ ਦੀ ਸਿਆਹੀ
ਸਭ ਓਪਰਾ ਓਪਰਾ ਲੱਗਦਾ ਸੀ

ਜਦ ਰੋਜ਼
ਸਵੇਰ ਇੱਕੋ ਤਰ੍ਹਾਂ ਚੜ੍ਹਨ ਲੱਗੀ
ਤੇ ਸ਼ਾਮ ਇੱਕੋ ਤਰ੍ਹਾਂ ਪੈਣ ਲੱਗੀ
ਉਹੀ ਕੰਧ, ਛੱਤ ਅਤੇ ਖਿੜਕੀ
ਨਜ਼ਰਾਂ ਸਾਹਮਣੇ ਸਦਾ ਰਹਿਣ ਲੱਗੀ

ਨਵੇਂ ਚੌਗਿਰਦੇ ਪ੍ਰਤੀ
ਅਜਨਬੀਅਤ ਦਾ ਅਹਿਸਾਸ ਮੁੱਕ ਗਿਆ
ਘੜੀ ਚੱਲਦੀ ਸੀ
ਤਰੀਕ ਬਦਲਦੀ ਸੀ
ਪਰ ਸਮਾਂ ਜਾਪਦਾ ਸੀ ਜਿਵੇਂ ਰੁੱਕ ਗਿਆ

ਦਿਨ ਬੀਤਦੇ ਗਏ
ਵਕਤ ਲੰਘਦਾ ਗਿਆ
ਜ਼ਿੰਦਗੀ ਨਵੇਂ ਰੰਗਾਂ 'ਚ ਰੰਗਦਾ ਗਿਆ
ਫਿਰ ਕੁੱਝ ਵੀ ਔਪਰਾ ਨਾ ਰਿਹਾ
ਕੁੱਝ ਵੀ ਪਰਾਇਆ ਨਾ ਰਿਹਾ
ਉਸ ਚਾਰਦਿਵਾਰੀ ਵਿੱਚ ਜੋ ਸੀ,
ਉਹੀ ਆਪਣਾ ਸੀ
ਬਾਹਰ ਦੀ ਦੁਨੀਆਂ ਦਾ
ਅੰਦਰ ਦੀ ਦੁਨੀਆਂ ਤੇ ਕੋਈ ਸਾਇਆ ਨਾ ਰਿਹਾ

ਹੁਣ ਸਾਡਾ ਮਨੋਰੰਜਨ
ਚਿੜੀਆਂ ਦੀ ਚੀਂ ਚੀਂ ਦਾ ਸੰਗੀਤ ਸੀ
ਜਾਂ ਆਪਣੀ ਹੀ ਕੋਈ ਨਜ਼ਮ
ਆਪਣਾ ਹੀ ਕੋਈ ਗੀਤ ਸੀ
ਕਿਸੇ ਨੇੜੇ ਦੀ ਮਸਜਿਦ 'ਚੋਂ ਉਠਦੀ ਹੋਈ
"ਅੱਲਾ ਹੂ ਅਕਬਰ" ਦੀ ਕੂਕ
ਬੜੀ ਮਨਭਾਉਂਦੀ ਸੀ
ਤੇ ਕਿਸੇ ਘੜੀ ਦੇ ਅਲਾਰਮ ਵਾਂਗ
ਸਵੇਰ ਚੜ੍ਹਨ ਤੋਂ ਪਹਿਲਾਂ ਹੀ ਆ ਜਗਾਉਂਦੀ ਸੀ

ਹੌਲੀ ਹੌਲੀ
"ਆਜ਼ਾਨ, ਨਮਾਜ਼ ਅਤੇ ਰੋਜ਼ੇ" ਜਿਹੇ ਲਫ਼ਜ਼
ਮੂੰਹ ਤੇ ਚੜ੍ਹਨ ਲੱਗੇ
ਫਿਰ ਉਹ ਦਿਨ ਵੀ ਆਇਆ
ਜਦੋਂ ਅਸੀਂ "ਅਲਫ, ਬੇ, ਪੇ" ਵੀ ਪੜ੍ਹਨ ਲੱਗੇ
ਜੱਦੀ ਵੀ ਕੋਈ ਈਦ ਦਾ ਦਿਨ ਆਉਂਦਾ ਸੀ
ਸਾਨੂੰ ਗੁਰਪੁਰਬਾਂ ਦੀ ਯਾਦ ਦਿਵਾਉਂਦਾ ਸੀ
ਦਿਨ ਭਾਵੇਂ ਦਿੱਲ ਤੇ ਪੱਥਰ ਰੱਖ ਗੁਜਾਰਦੇ ਸਾਂ
ਭਵਿੱਖ ਦੇ ਸੁਪਨੇ ਐਪਰ ਸ਼ਿਘਾਰਦੇ ਸਾਂ
ਜੱਦ ਵੀ 14/15 ਅਗਸਤ ਦੇ ਦਿਨ ਆਉਂਦੇ ਸਨ

ਏਧਰ ਓਧਰ ਜਸ਼ਨ ਮਨਾਏ ਜਾਂਦੇ ਸਨ
ਅਸੀਂ ਆਪਣੀ ਕਿਸਮੱਤ ਤੇ ਰੋਇਆ ਕਰਦੇ ਸਾਂ
ਤੇ ਇੰਝ ਆਪਣੇ ਜ਼ਖਮ ਧੋਇਆ ਕਰਦੇ ਸਾਂ
ਰੋ ਕੇ, ਹਲਕੇ ਹੋ ਕੇ
ਭਵਿੱਖ ਦੀਆਂ ਉਮੀਦਾਂ ਸਜਾਇਆ ਕਰਦੇ ਸਾਂ
ਸੋਚਾਂ ਵਿੱਚ ਕੇਸਰੀ ਲਹਿਰਾਇਆ ਕਰਦੇ ਸਾਂ
ਇਸੇ ਤਰ੍ਹਾਂ ਦਿਨ ਬਿਤਾਈ ਜਾਂਦੇ ਸਾਂ
ਇਸੇ ਤਰ੍ਹਾਂ ਸੁਪਨੇ ਸਜਾਈ ਜਾਂਦੇ ਸਾਂ
ਸ਼ੁਰੂ ਵਿੱਚ ਦਿਨ, ਫਿਰ ਹਫਤੇ, ਫਿਰ ਮਹੀਨੇ
ਹੁਣ ਤਾਂ ਬੱਸ ਵਰ੍ਹੇ ਹੀ ਗਿਣਿਆਂ ਕਰਦੇ ਹਾਂ
ਰੋਸ਼ਨ ਭਵਿੱਖ ਦੀ ਆਸ ਸੀਨੇ 'ਚ ਲੈ
ਵਰਤਮਾਨ ਦੇ ਨੇਰ੍ਹਿਆਂ ਨੂੰ ਜਰ੍ਹਦੇ ਹਾਂ
ਇੱਕ ਇੱਕ ਕਰਕੇ
ਛੇ ਵਰ੍ਹਿਆਂ ਦਾ ਹੋ ਗਿਆ ਹਾਂ ਮੈਂ
ਸੀਖਾਂ ਦੇ ਪਿੱਛੇ ਕੱਲਾ, ਬਿਲਕੁੱਲ ਕਲਮਕੱਲਾ
ਛੱਤ ਨੂੰ ਘੂਰਦਾ ਪਿਆ ਹਾਂ ਮੈਂ

ਸਰਹੱਦ ਦੇ ਪਾਰਲੇ ਪਾਰ
ਗੋਲੀਆਂ ਦੇ ਖੜਾਕ ਨਾਲ
ਮੇਰਾ ਜਨਮ ਦਿਨ ਮਨਾਇਆ ਜਾ ਰਿਹਾ ਹੈ
ਮੇਰੇ ਦਿੱਲ ਦੀ ਧੜ੍ਹਕਨ ਦੀ ਤਾਲ ਤੇ
ਮੇਰੇ ਜਜ਼ਬਿਆਂ ਨਾਲ ਸੁਰ ਮੇਲ ਕੇ
ਆਜ਼ਾਦੀ ਗੀਤ ਗਾਇਆ ਜਾ ਰਿਹਾ ਹੈ
ਮੇਰੇ ਲਈ ਸੱਭ ਮੇਰਾ ਹੈ
ਮੈਂ ਸੱਭ ਦਾ ਹਾਂ
ਜੁੜਦੇ ਹਰ ਸਿੰਘ ਦੇ ਨਾਂ 'ਚੋਂ
ਲੱਭਦੈ ਆਪਣਾ ਵੀ ਨਾਂ

ਸਰਹੱਦ ਦੇ ਪਾਰਲੇ ਪਾਰ
ਗੋਲੀਆਂ ਦੇ ਖੜਾਕ ਨਾਲ
ਮੇਰਾ ਜਨਮ ਦਿਨ ਮਨਾਇਆ ਜਾ ਰਿਹਾ ਹੈ
ਮੇਰੇ ਦਿੱਲ ਦੀ ਧੜ੍ਹਕਨ ਦੀ ਤਾਲ ਤੇ
ਮੇਰੇ ਜਜ਼ਬਿਆਂ ਨਾਲ ਸੁਰ ਮੇਲ ਕੇ
ਆਜ਼ਾਦੀ ਗੀਤ ਗਾਇਆ ਜਾ ਰਿਹਾ ਹੈ

\+

(29-9-1987)

ਚਾਅ, ਰੰਗ, ਅਤੇ ਉਮੀਦਾਂ

ਮੈਨੂੰ ਜੀਣ ਦਾ ਕੋਈ ਚਾਅ ਦਿਓ
ਮੈਨੂੰ ਜੀਣ ਦਾ ਕੋਈ ਰਾਹ ਦਿਓ
ਦਿਓ ਪਿਆਰ ਦੀ ਭਰਪੂਰਤਾ
ਥੋੜ੍ਹੇ ਭਾਵੇਂ ਮੈਨੂੰ ਸਾਹ ਦਿਓ

ਮੈਨੂੰ ਜੀਣ ਲਈ ਕੋਈ ਰੰਗ ਦਿਓ
ਬੇ-ਰੰਗ ਜ਼ਿੰਦਗੀ ਕਿਓਂ ਜੀਆਂ
ਰੰਗਹੀਣਤਾ ਤਾਂ ਜ਼ਹਿਰ ਹੈ
ਮੈਂ ਇਸ ਜ਼ਹਿਰ ਨੂੰ ਕਿਓਂ ਪੀਆਂ

ਮੈਨੂੰ ਭਵਿੱਖ ਦੀ ਉਮੀਦ ਦਿਓ
ਬੇ-ਉਮੀਦੀ ਦਾ ਨੇਰ੍ਹਾ ਕਿਓਂ ਜਰ੍ਹਾਂ
ਮੈਂ ਗੁਮਨਾਮ ਮਰਨ ਨਾਲੋਂ
ਕੁੱਝ ਕਰ ਕੇ ਹੀ ਕਿਓਂ ਨਾ ਮਰਾਂ

ਮੈਨੂੰ ਕੁੱਝ ਦਿਓ ਮੇਰਾ ਆਪਣਾ
ਆਪਣਾ ਮੈਂ ਜਿਸ ਨੂੰ ਕਹਿ ਸਕਾਂ
ਕੋਈ ਤਾਂ ਹੋਵੇ ਜੱਗ ਵਿੱਚ
ਮੈਂ ਜਿਸ ਭਰੋਸੇ ਰਹਿ ਸਕਾਂ

ਬਿਨ ਅਪਣੱਤ ਦੇ, ਬਿਨ ਉਮੀਦ ਦੇ
ਬਿਨ ਚਾਅ ਦੇ, ਬਿਨ੍ਹਾਂ ਰੰਗ ਦੇ
ਜ਼ਿੰਦਗੀ ਬੜੀ ਬੇ-ਅਰਥ ਹੈ
ਨਹੀਂ ਦਿਨ, ਘੜ੍ਹੀ, ਪੱਲ ਲੰਘਦੇ

ਮੈਨੂੰ ਜੀਣ ਦਾ ਕੋਈ ਚਾਅ ਦਿਓ
ਮੈਨੂੰ ਜੀਣ ਦਾ ਕੋਈ ਰਾਹ ਦਿਓ
ਦਿਓ ਪਿਆਰ ਦੀ ਭਰਪੂਰਤਾ
ਥੋੜ੍ਹੇ ਭਾਵੇਂ ਮੈਨੂੰ ਸਾਹ ਦਿਓ + (1-10-1987)

ਪੰਥ ਦਾ ਹਾਲ ਮਾੜਾ

ਨੀਲੇ ਦੇ ਅਸਵਾਰ
ਐ ਕਲਗ਼ੀ ਵਾਲੇ
ਤੇਰਾ ਨਾਮ ਲੈ ਕੇ
ਤੇਰੇ ਆਪਣੇ ਹੀ
ਤੈਨੂੰ ਛੱਡ ਰਹੇ ਨੇ
ਗੱਲਾਂ ਕੋਮ ਦੀਆਂ
ਤੇ ਕਾਰੇ ਨੇ ਐਸੇ
ਕਿ ਕਾਰੇ, ਜੜ੍ਹਾਂ
ਕੋਮ ਦੀਆਂ ਵੱਢ ਰਹੇ ਨੇ
ਜਥਿਆਂ 'ਚ ਵੰਡਿਆ
ਇਹਨਾਂ ਪੰਥ ਸਾਰਾ
ਹਰ ਇੱਕ ਦਾ ਹੈ
ਆਪਣਾ ਪੰਥ ਨਿਆਰਾ
ਅੰਮ੍ਰਿਤ ਵੀ ਵੰਡਿਆ
ਤੇ ਵੰਡੀ ਹੈ ਬਾਣੀ
ਕਰਦੇ ਨੇ ਨਾਲੇ
ਹਰ ਇੱਕ ਵੰਡ ਕਾਣੀ
ਇੱਤਹਾਸ ਨੂੰ ਅੱਜ
ਝੁਠਲਾ ਰਹੇ ਨੇ
ਮਨਮਭਾਉਂਦੇ ਇੱਤਹਾਸ
ਲਿੱਖਵਾ ਰਹੇ ਨੇ
ਸੰਗਤਾਂ ਵੀ ਵੰਡੀਆਂ
ਤੇ ਪੰਗਤਾਂ ਵੀ ਵੰਡੀਆਂ
ਪ੍ਰਸ਼ਾਦਿ ਵੰਡੇ
ਤੇ ਲੰਗਰ ਵੀ ਵੰਡੇ

"ਮੈਂ ਉਹਦੇ ਨਾਲ ਬਹਿ ਕੇ
ਛੱਕਣਾ ਨਹੀਂ ਲੰਗਰ
ਉਹਦੇ ਘਰ ਰਿੱਝਦੇ ਨੇ
ਨਿੱਤ ਮਾਸ ਅੰਡੇ"
ਗੁਰੂ ਘਰ ਦਾ ਵੀ
ਪ੍ਰਸ਼ਾਦਿ ਨਾ ਲੈਣਾ
ਆਪਣੇ ਆਪ ਨੂੰ
ਸੱਭ ਤੋਂ ਵੱਖ ਕਹਿਣਾ
ਇੱਕ ਜੱਥੇ ਦਾ ਅਮ੍ਰਿਤ
ਦੂਜੇ ਨਾਲ ਤੋਲਣਾ
ਅਮ੍ਰਿਤ ਵਿੱਚ
ਵੰਡੀਆਂ ਦਾ ਜ਼ਹਿਰ ਘੋਲਣਾ
ਇਹ ਸੱਭ ਕਿਵੇਂ ਸਹੀਏ ?
ਕਿਵੇਂ ਚੁੱਪ ਰਹੀਏ ?
ਦਸਮੇਸ਼ ਦਾ ਅਮ੍ਰਿਤ
ਤਾਂ ਇਹ ਨਹੀਂ ਹੈ
ਹੋਰ ਭਾਵੇਂ ਇਸ ਨੂੰ
ਕੁੱਝ ਆਖ ਲਈਏ
ਇਹ ਚੌਧਰ, ਇਹ ਈਰਖਾ
ਇਹ ਸਾੜਾ, ਇਹ ਪਾੜਾ
ਕਲਗ਼ੀ ਵਾਲਿਆ
ਪੰਥ ਦਾ ਹਾਲ ਮਾੜਾ
ਇਹ ਲੜ੍ਹਨਾ ਵੀ ਜਾਣਨ
ਇਹ ਮਰਨਾ ਵੀ ਜਾਣਨ
ਪ੍ਰਵਾਹ ਸਿਰਾਂ ਦੀ
ਨਹੀਓਂ ਇਹ ਕਰਦੇ
ਛੱਡਣ ਤੇ ਆਵਣ
ਤਾਂ ਸੱਭ ਛੱਡ ਦੇਵਣ
ਵੰਡੀਆਂ ਤੇ ਆਵਣ
ਤਾਂ ਇੱਟ ਇੱਟ ਲਈ ਲੜ੍ਹਦੇ
ਆਪਣੇ ਪੰਥ ਤੇ ਪਿਤਾ
ਹੁਣ ਮੇਹਰ ਕਰ ਦੇ

ਆਪਣੇ ਬਚਿਆਂ ਦੇ
ਸਿਰ ਤੇ ਹੱਥ ਧਰ ਦੇ
ਰਲ ਮਿਲ ਕੇ ਰਹਿਣਾ
ਇਹਨਾਂ ਨੂੰ ਸਿਖਾ ਦੇ
ਮਰਨਾ ਇਹ ਜਾਣਨ
ਬਹੁਤ ਖ਼ੂਬਸੂਰਤ
ਖ਼ੂਬਸੂਰਤ ਜੀਣਾ
ਇਹਨਾਂ ਨੂੰ ਸਿਖਾ ਦੇ

\+ (26-12-1987)

ਸਵਾਲ ?

ਕਿਤੇ ਕੋਈ ਤਾਂ ਕਮੀ ਹੈ
ਜੋ ਜਿੱਤ ਕੇ ਹਾਰ ਜਾਂਦੇ ਹਾਂ
ਨਾ ਦੇਣਾ ਸੀਸ ਭੁਲਿਆ ਹੈ
ਤੇ ਲੈਣਾ ਸਿਰ ਵੀ ਆਉਂਦਾ ਹੈ
ਉਹ ਕਿਹੜੀ ਬਾਤ ਹੈ ਐਸੀ
ਜੋ ਮੁੜ ਮੁੜ ਮਾਰ ਖਾਂਦੇ ਹਾਂ
ਗੁਰੂ ਨੇ ਖੰਡੇ ਦਾ ਅਮ੍ਰਿਤ
ਪਤਾਸੇ ਪਾ ਛਕਾਇਆ ਸੀ
ਉਹਨੇ ਲੜਨਾ ਵੀ ਦਸਿਆ ਸੀ
ਮਿੱਲ ਬਹਿਣਾ ਵੀ ਸਿਖਾਇਆ ਸੀ
ਅਸੀਂ ਮਿੱਲ ਬਹਿਣਾ ਭੁੱਲ ਗਏ ਹਾਂ
ਤੇ ਲੜ੍ਹਨਾ ਯਾਦ ਰਖਿਆ ਹੈ
ਅਮ੍ਰਿਤ ਦਾ ਸਾਰ ਭੁੱਲ ਗਏ ਹਾਂ
ਯਾਦ, ਬਸ ਸਵਾਦ ਰਖਿਆ ਹੈ
ਦਰਦ ਮੰਦੋ
ਆਓ ਰਲ ਮਿੱਲ ਬਹੀਏ
ਕਰੀਏ ਸੋਚ ਵਿਚਾਰ
ਲੱਭੀਏ ਇਸ ਸਵਾਲ ਦਾ ਉੱਤਰ
ਸਾਡੀ ਜਿੱਤ ਬਣਦੀ ਕਿਓਂ ਹਾਰ

+

(5-1-1988)

ਇੱਕ ਚਿਹਰਾ/ ਇੱਕ ਸੁਪਨਾ

ਭੋਲਾ ਜਿਹਾ ਚਿਹਰਾ
ਸਾਂਵਲੀ ਜਿਹੀ ਰੰਗਤ
ਦੋ ਨੈਣ ਨਸ਼ਿਆਏ
ਦੋ ਬੁੱਲ੍ਹ ਤਰਿਹਾਏ
ਵਸਦਾ ਹੈ ਖਿਆਲਾਂ ਵਿੱਚ
ਐਸਾ ਇੱਕ ਚਿਹਰਾ
ਐਪਰ ਨਾ ਜਾਣਾਂ
ਕੀ ਲੱਗਦਾ ਹੈ ਮੇਰਾ
ਜੱਦ ਵੀ ਇਹ ਚਿਹਰਾ
ਕਿਸੇ ਚਿਹਰੇ 'ਚੋਂ ਲੱਭਦੈ
ਫਿਰ ਚਿਹਰਾ ਉਹ ਮੈਨੂੰ
ਆਪਣਾ ਜਿਹਾ ਲੱਗਦੈ
ਫਿਰ ਮੁੜ੍ਹ ਮੁੜ੍ਹ ਉਸ ਨੂੰ
ਮੈਂ ਤੱਕਣਾ ਚਾਹਾਂ
ਮੁੜ੍ਹ ਮੁੜ੍ਹ ਕੇ ਤੱਕਾਂ
ਐਪਰ ਨਾ ਥੱਕਾਂ
ਨਾ ਦਿੱਲ ਮੇਰਾ ਭਰਦੈ
ਨਾ ਜੱਗ ਤੋਂ ਡਰਦੈ
ਨਾ ਮੈਲਾ ਲੱਗਦੈ
ਨਾ ਸਾਫ ਹੀ ਲੱਗਦੈ
ਫਿਰ ਕੀ ਉਹ ਲੱਗਦੈ
ਇਹ ਵੀ ਨਾ ਜਾਣਾਂ
ਪਰ ਤੱਕ ਤੱਕ ਉਸ ਨੂੰ
ਮੈਂ ਖੁਸ਼ੀਆਂ ਮਾਣਾਂ
ਇਸ ਚਿਹਰੇ ਦੀ ਯਾਰੋ
ਕੋਈ ਹੋਂਦ ਨਹੀਂ ਸੀ
ਇਸ ਚਿਹਰੇ ਦੀ ਯਾਰੋ
ਕੋਈ ਹੋਂਦ ਨਹੀਂ ਹੈ
ਸਾਂਵਲੀ ਜਿਹੀ ਰੰਗਤ

ਭੋਲਾ ਜਿਹਾ ਚਿਹਰਾ
ਸ਼ਾਇਦ ਗਵਾਚਿਆ ਹੋਇਆ
ਸੁਪਨਾ ਹੈ ਮੇਰਾ
ਨਜ਼ਰਾਂ ਦੇ ਸਾਹਵੇਂ
ਜਾਂ ਸੋਚਾਂ ਅੰਦਰ
ਸੁਪਨੇ ਜਿਹੀ ਕੋਈ
ਤਸਵੀਰ ਨਹੀਂ ਹੈ
ਸੁਪਨਾ ਸੱਚ ਹੁੰਦਾ
ਸੱਚ ਆਪਣਾ ਹੁੰਦਾ
ਗਜਿੰਦਰ ਦੀ ਐਸੀ
ਤਕਦੀਰ ਨਹੀਂ ਹੈ

ਭੋਲਾ ਜਿਹਾ ਚਿਹਰਾ
ਸਾਂਵਲੀ ਜਿਹੀ ਰੰਗਤ
ਦੋ ਨੈਣ ਨਸ਼ਿਆਏ
ਦੋ ਬੁੱਲ੍ਹ ਤਰਿਹਾਏ
ਵਸਦਾ ਹੈ ਖਿਆਲਾਂ ਵਿੱਚ
ਐਸਾ ਇੱਕ ਚਿਹਰਾ

+

(24-1-1988)

ਬਸੰਤ ਦੇ ਨਾਮ

ਤੇਰਾ ਜ਼ਿਕਰ ਸੁਣਿਆਂ
ਤਾਂ ਦਿੱਲ ਨੇ ਚਾਹਿਆ
ਲਫ਼ਜ਼ਾਂ ਦੇ ਫੁੱਲ ਚੁਣ ਕੇ
ਅੱਜ ਤੇਰੇ ਨਾਮ ਕਰਾਂ
ਕਲਮ ਨੂੰ ਹੱਥ ਪਾਇਆ
ਦਿੱਲ ਦੇ ਜ਼ਖਮ ਉਧੜ ਗਏ
ਹੁਣ ਜ਼ਖਮਾਂ ਦੀ ਗੱਲ ਕਰਾਂ
ਜਾਂ ਫੁੱਲਾਂ ਤੇ ਹੱਥ ਧਰਾਂ
ਇਸ ਵਾਰ ਵੀ ਤੂੰ ਆਈ ਹੈਂ
ਮਹਿਕਾਂ ਲਿਆਈ ਹੈਂ
ਸੁੱਕੇ ਹਰੇ ਹੋਏ ਨੇ
ਹਰਿਆਂ ਤੇ ਫੁੱਲ ਪਏ ਨੇ
ਸਾਡੇ ਲਈ ਪਰਾਈ ਸੈਂ
ਪਰਾਈ ਹੀ ਰਹੀ ਹੈਂ
ਦਿੱਲ ਦੇ ਰੁੱਖ ਤਾਹੀਓਂ
ਸੁੱਕੇ ਹੀ ਰਹੇ ਨੇ
ਕੁੱਝ ਫੁੱਲਾਂ ਵੱਲ ਤੱਕ ਕੇ
ਕੁੱਝ ਅਸਮਾਨ ਵੱਲ ਤੱਕ ਕੇ
ਚਾਹਿਆ ਦਿੱਲ ਨੇ ਮਾਣਨਾ
ਖੁਸ਼ੀਆਂ ਪਰਾਈਆਂ
ਕਿਸਮੱਤ ਨੂੰ ਦੋਸ਼ ਦਿੱਤਾ
ਅਸਾਂ ਮੰਨ ਮਸੋਸ ਕੇ
ਜੱਦ ਪਰਾਈਆਂ ਖੁਸ਼ੀਆਂ
ਨਾ ਅੱਖਾਂ ਮਿਲਾਈਆਂ
ਸਾਡੀ ਤਾਂ ਤੇਰੇ ਨਾਲ
ਬੱਸ ਇੰਨੀ ਹੀ ਸਾਂਝ ਹੈ
ਕੁੱਝ ਫੁੱਲ ਸਰੋਂ ਫੇ ਖਿੜੇ ਨੇ
ਸਾਡੇ ਵਿਹੜੇ ਦੀ ਕਿਆਰੀ
ਤੇਰੀ ਆਮਦ ਦੇ ਸੂਚਕ

ਸਾਡੇ ਦਿੱਲ ਦੀ ਧਰਵਾਸ ਵੀ
ਬਸ ਇੰਨੀ ਕੁ ਬਹਾਰ ਆਈ ਹੈ
ਸਾਡੇ ਹਿੱਸੇ ਵਿੱਚ ਸਾਰੀ

ਕੁੱਝ ਫੁੱਲ ਸਰੋਂ ਦੇ ਖਿੜੇ ਨੇ
ਸਾਡੇ ਵਿਹੜੇ ਦੀ ਕਿਆਰੀ
ਬਸ ਇੰਨੀ ਕੁ ਬਹਾਰ ਆਈ ਹੈ
ਸਾਡੇ ਹਿੱਸੇ ਵਿੱਚ ਸਾਰੀ

\+

(12-2-1988)

ਬੇਨਾਮ ਮਿੱਤਰਾਂ ਨਾਲ ਗੱਲਾਂ

ਇਹ ਜੋ ਹੋ ਰਿਹੈ, ਜਰੀ ਜਾਵਾਂ ?
ਪੱਥਰ ਆਤਮਾਂ ਤੇ ਧਰੀ ਜਾਵਾਂ ?
ਤੁਸੀਂ ਆਖਦੇ ਹੋ ਚੁੱਪ ਰਹਿ
ਇਸ ਪੀੜ ਨੂੰ ਚੁੱਪ ਕਰ ਕੇ ਸਹਿ
ਨਾ ਜ਼ੁਬਾਨ ਖੋਲ, ਨਾ ਕਲਮ ਉਠਾ
ਖਾਲੀ ਹੱਥ ਨਾਂ ਤਾਕਤ ਨੂੰ ਗ਼ਲਤ ਕਹਿ
ਅੱਜ ਕਦਰ ਨਹੀਂ ਕੋਈ ਵੀਚਾਰ ਦੀ
ਬਸ ਕਦਰ ਹੈ ਅੱਜ ਤਲਵਾਰ ਦੀ
ਜਾਂ ਰੰਗ ਬਦਲਦੇ ਸਮੇਂ ਨਾਲ
ਰੰਗ ਬਦਲਣ ਵਾਲੇ ਕਿਰਦਾਰ ਦੀ
ਬੇ-ਬੱਸ ਹਾਂ ਮੈਂ, ਬੁਜ਼ਦਿੱਲ ਨਹੀਂ
ਮੈਂ ਕਹਾਂਗਾ, ਜੋ ਮੈਂ ਕਹਿਣਾ ਹੈ
ਕਦੇ ਸਮੇਂ ਦੇ ਸਾਹਮਣੇ ਸਿਰ ਝੁਕਾ
ਨਾ ਰਿਹਾ ਹਾਂ ਚੁੱਪ, ਨਾ ਰਹਿਣਾ ਹੈ
ਜੇ ਸਮੇਂ ਨੇ ਅੱਜ ਸੱਚ ਨਾ ਸੁਣਿਆਂ
ਫਿਰ ਵਕਤ ਖੁੰਝਾ ਕੇ ਪਛਤਾਏਗਾ
ਇਹ ਜੋ ਅੱਜ ਗਜਿੰਦਰ ਕਹਿ ਰਿਹੈ
ਇਹਨੂੰ ਕੱਲ ਸਮਾਂ ਅਪਣਾਏਗਾ
ਅੱਜ ਗ਼ਲਤ ਦਿਸ਼ਾ ਵਿੱਚ ਤੁਰਦਿਆਂ
ਜਿਹੜਾ ਵਕਤ ਐਵੇਂ ਲੰਘਾਏਗਾ
ਵੀਰੋ ਅੱਜ ਵੀਚਾਰ ਤੋਂ ਟੁੱਟਣ ਦਾ
ਕੱਲ ਡਾਢਾ ਮੁੱਲ ਚੁਕਾਏਗਾ

ਇਹ ਜੋ ਹੋ ਰਿਹੈ, ਜਰੀ ਜਾਵਾਂ ?
ਪੱਥਰ ਆਤਮਾਂ ਤੇ ਧਰੀ ਜਾਵਾਂ ?

\+

(18-2-1988)

ਸਤੂਤ ਦੇ ਮਿੱਤਰ ਦਰਖੱਤ ਨੂੰ

ਅੱਜ ਤੂੰ ਮਿੱਤਰਾ ਹਰਾ ਭਰਾ ਹੈਂ
ਅੱਜ ਲੱਗਦੈਂ ਤੂੰ ਨਵਾਂ ਨਕੋਰ
ਅੱਜ ਤੇਰੀ ਛਾਂ ਵੀ ਸੰਘਣੀ ਹੈ
ਵਿਹੜੇ ਤੇਰੇ ਪੰਛੀਆਂ ਦਾ ਸ਼ੋਰ
ਤੇਰੀਆਂ ਸ਼ਾਖਾਂ ਚੁੱਕ ਨਾ ਸੱਕਣ
ਹਰੇ ਭਰੇ ਪਤਿਆਂ ਦਾ ਭਾਰ
ਲਿੱਫੀਆਂ ਲਿੱਫੀਆਂ, ਝੁੱਕੀਆਂ ਝੁੱਕੀਆਂ
ਅੱਜ ਰਹੀਆਂ ਅੱਖੀਆਂ ਨੂੰ ਠਾਰ
ਐਪਰ ਕੱਲ ਸੁਕਿਆ ਸੜਿਆ ਸੈਂ
ਟਾਹਣੀਆਂ ਵੀ ਸਨ ਮਰੀਆਂ ਮਰੀਆਂ
ਨਾ ਪੰਛੀ ਸਨ ਆ ਕੇ ਬਹਿੰਦੇ
ਨਾ ਤੱਕ ਕਿਸੇ ਦੀਆਂ ਅੱਖਾਂ ਠਰੀਆਂ
ਨਾ ਹੀ ਸੰਘਣੀ ਛਾ ਸੀ ਤੇਰੀ
ਨਾ ਸਨ ਛਾਂ ਵਿੱਚ ਬਹਿਣ ਵਾਲੇ
ਰੱਬ, ਕੁਦਰਤ, ਜਾਂ ਸਮੇਂ ਦਾ ਚੱਕਰ
ਕਈ ਕੁੱਝ ਕਹਿ ਗਏ, ਕਹਿਣ ਵਾਲੇ
ਤੇਰੇ ਤੇ ਜੋ ਪਤਝੜ੍ਹ ਆਈ ਸੀ
ਵਕਤ ਲੰਘਾ ਕੇ ਤੁਰ ਵੀ ਗਈ ਹੈ
ਮੇਰੇ ਤੇ ਜੋ ਪੱਤਝੜ੍ਹ ਆਈ
ਉਹ ਇੱਕੋ ਥਾਂ ਰੁਕੀ ਪਈ ਹੈ
ਨਾ ਸਾਡੇ ਲਈ ਮੌਸਮ ਬਦਲਣ
ਨਾ ਹਰਿਆਲੀ ਆਉਂਦੀ ਹੈ
ਲੂਹ ਵਿੱਚ ਤਾਂ ਸਾਰੇ ਹੀ ਸੜ੍ਹਦੇ ਨੇ
ਸਾਨੂੰ ਬਾਰਸ਼ ਵੀ ਝੁੱਲਸਾਉਂਦੀ ਹੈ
ਤੇਰੇ ਤੇ ਜੋ ਪਤਝੜ੍ਹ ਆਈ ਸੀ
ਵਕਤ ਲੰਘਾ ਕੇ ਤੁਰ ਵੀ ਗਈ ਹੈ
ਮੇਰੇ ਤੇ ਜੋ ਪੱਤਝੜ੍ਹ ਆਈ
ਉਹ ਇੱਕੋ ਥਾਂ ਰੁਕੀ ਪਈ ਹੈ

+ (15-3-1988)

ਮਿੱਤਰਾਂ ਨਾਲ ਕੁੱਝ ਗੱਲਾਂ

ਮਿੱਤਰੋ ! ਤੁਸੀਂ ਮੇਹਣਾ ਮਾਰਿਆ ਹੈ
ਕਿ ਅਸੀਂ ਕੁੱਝ ਕਰਨ ਜੋਗੇ ਨਹੀਂ
ਇਸੇ ਲਈ ਅਲੋਚਨਾ ਕਰਦੇ ਹਾਂ
ਕਿ ਅਸੀਂ ਅੱਜ ਦੀ ਹਕੀਕਤ ਤੋਂ ਅਣਜਾਂਣ
ਬੀਤੇ ਵਕਤ ਦੀਆਂ ਯਾਦਾਂ 'ਚ ਤਰਦੇ ਹਾਂ
ਤੁਹਾਡਾ ਕਹਿਣਾ ਹੈ
ਕਿ ਅਸੀਂ ਕੁੱਝ ਨਹੀਂ ਜਾਣਦੇ
ਜੰਗ ਦੇ ਦਾਓ ਪੇਚ ਨਹੀਂ ਪਹਿਚਾਣਦੇ
ਤੁਹਾਡੀ ਸਲਾਹ ਹੈ
ਕਿ ਅਸੀਂ ਚੁੱਪ ਰਹੀਏ
ਜ਼ਬਾਨ ਤੋਂ ਕੁੱਝ ਨਾ ਕਹੀਏ

ਸਮੇਂ ਦੇ ਘੋੜੇ ਤੇ ਸਵਾਰ ਮੇਰੇ ਮਿੱਤਰੋ
ਤੁਸੀਂ ਬਿਲਕੁੱਲ ਸੱਚ ਕਹਿੰਦੇ ਹੋ
ਕਿਉਂਕਿ ਤਾਕਤ ਤਾਂ ਝੂਠ ਕਦੇ ਹੁੰਦੀ ਹੀ ਨਹੀਂ
ਤੇ ਤੁਸੀਂ "ਕਲਾਸ਼ਨਕੋਫਾਂ" ਨਾਲ ਉੱਠਦੇ ਬਹਿੰਦੇ ਹੋ
ਪਰ ਤੁਹਾਨੂੰ ਇਹ ਭੁੱਲਣਾ ਨਹੀਂ ਚਾਹੀਦਾ
ਕਿ ਜਿਸ ਰਾਹ ਤੇ ਤੁਰ ਕੇ
ਤੁਸੀਂ ਕਲਾਸ਼ਨਕੋਫਾਂ ਚੁੱਕਣ ਜੋਗੇ ਹੋਏ ਹੋ
ਇਹ ਰਾਹ ਸਾਡਾ ਹੀ ਬਣਾਇਆ ਹੋਇਆ ਹੈ
ਅਤੇ ਜਿਸ "ਨਕਸ਼ੇ" ਨੂੰ ਚੁੱਕ ਕੇ
ਤੁਸੀਂ ਬਾਹਾਂ ਉਲਾਰ ਰਹੇ ਹੋ
ਇਹ ਨਕਸ਼ਾ ਸਾਡਾ ਹੀ ਵਾਹਿਆ ਹੋਇਆ ਹੈ
ਜਦੋਂ ਅਸੀਂ ਹਥਿਆਰ ਚੁੱਕੇ ਸੀ
ਉਦੋਂ ਤੁਸੀਂ ਨੀਂਦ ਤੋਂ ਜਾਗੇ ਵੀ ਨਹੀਂ ਸੀ
ਜਦੋਂ ਅਸੀਂ ਅਸਮਾਨਾਂ ਨੂੰ ਛੂਹ ਰਹੇ ਸੀ
ਤੁਸੀਂ ਕਿਤੇ ਲਾਗੇ ਵੀ ਨਹੀਂ ਸੀ
ਅੱਜ ਸਾਡੇ ਹੱਥਾਂ 'ਚ ਹੱਥਕੜੀਆਂ ਨੇ
ਇਸੇ ਲਈ ਹਥਿਆਰ ਨਹੀਂ

ਕਲਮ ਤਾਂ ਹੈ
ਕੀ ਹੋਇਆ ਜੇ ਤਲਵਾਰ ਨਹੀਂ
ਅਸੀਂ ਤਾਂ ਹਰ ਹਾਲ ਵਿੱਚ ਜੰਗ ਲੜੀ ਹੈ
ਕਦੇ ਕਲਮ ਨਾਲ, ਕਦੇ ਤਲਵਾਰ ਨਾਲ
ਜੋ ਸਿਰ, ਤਲਵਾਰ ਦੇ ਵਾਰ ਨਾਲ ਨਹੀਂ ਲਹੇ
ਅਸੀਂ ਉਹ ਵੀ ਲਾਹੇ ਨੇ ਕਲਮ ਦੇ ਵਾਰ ਨਾਲ
ਪਰ ਕਿਤੇ ਇਹ ਨਾ ਸੋਚਿਓ
ਕਿ ਸਾਨੂੰ ਤਲਵਾਰ ਚੁੱਕਣੀ ਭੁੱਲ ਗਈ ਹੈ
ਵਕਤ ਆਣ ਦਿਓ,
ਤੁਹਾਡਾ ਇਹ ਭਰਮ ਮੁੜ ਲਾਹ ਦਿਆਂਗੇ
ਕਲਮ ਤੋਂ ਤਲਵਾਰ ਕਿਵੇਂ ਬਣਦੀ ਹੈ
ਦਿਖਾ ਦਿਆਂਗੇ
ਇਹ ਵੀ ਸੁਣ ਲਿਓ, ਕਿ ਅਸੀਂ
ਉਸ ਦਿਨ ਦੇ ਇੰਤਜ਼ਾਰ ਵਿੱਚ ਚੁੱਪ ਨਹੀਂ ਬਹਿਣਾ
ਠੀਕ ਨੂੰ ਠੀਕ ਤਾਂ ਕਹਾਂਗੇ ਹੀ
ਤੁਹਾਡੇ ਗ਼ਲਤ ਨੂੰ, ਗ਼ਲਤ ਵੀ ਹੈ ਕਹਿਣਾ

ਜੰਗ ਸਿਰਫ ਕਲਾਸ਼ਨਕੋਫਾਂ ਨਾਲ ਹੀ ਨਹੀਂ ਜਿੱਤੀ ਜਾਂਦੀ
ਕਲਾਸ਼ਨਕੋਫਾਂ ਦਾ ਕੰਮ ਤਾਂ
ਦੱਬੇ ਹੋਏ ਜਜ਼ਬਾਤਾਂ ਨੂੰ ਆਵਾਜ਼ ਦੇਣਾ ਹੈ
ਜਾਂ ਫਿਰ ਜਾਬਰ ਦਾ ਮੂੰਹ ਸੀਣਾ ਹੈ
ਜਿਹੜੀਆਂ ਕਲਾਸ਼ਨਕੋਫਾਂ
ਔਰਤਾਂ, ਬਚਿਆਂ ਦਾ ਲਹੂ ਪੀਣ ਲੱਗ ਜਾਣ
ਵਿਚਾਰਾਂ ਦੇ ਫਰਕ ਨੂੰ ਗੱਦਾਰੀ ਦਾ ਨਾਮ ਦੇ ਕੇ
ਅਸਹਿਮੱਤ ਜ਼ਬਾਨਾਂ ਸੀਣ ਲੱਗ ਜਾਣ
ਉਹਨਾਂ ਨਾਲ ਧਰਮ ਨਹੀਂ ਰਹਿੰਦਾ
ਉਹ ਅਧਰਮ ਦੀ ਨਿਸ਼ਾਨੀ ਬਣ ਜਾਂਦੀਆਂ ਨੇ
ਉਹ ਫਿਰ ਹੱਕਾਂ ਦੀਆਂ ਰੱਖਵਾਲੀਆਂ ਨਹੀਂ
ਵਹਿਸ਼ੀਪੁਣੇ ਦਾ ਹਥਿਆਰ ਅੱਖਵਾਂਦੀਆਂ ਨੇ

ਤੁਸੀਂ ਵੀਰ ਹੋ, ਮਿੱਤਰ ਹੋ
ਆਪਣੇ ਹੀ ਹੋ
ਇਸੇ ਲਈ ਕਹਿੰਦਾ ਹਾਂ
ਵਿਚਾਰਾਂ ਦਾ ਪੱਲਾ ਨਾ ਛੱਡੋ
ਜੋ ਮਿਠਾਸ ਗੁਰੂ ਨੇ ਘੋਲ ਕੇ
ਅਮ੍ਰਿਤ ਦੇ ਬਾਟੇ 'ਚ ਦਿੱਤੀ ਸੀ
ਹਿਰਦੇ ਦੇ ਬਾਟੇ ਚੋਂ
ਉਹ ਮਿਠਾਸ ਨਾ ਕੱਢੋ

ਮਿੱਤਰੋ ! ਤੁਸੀਂ ਮੇਹਣਾ ਮਾਰਿਆ ਹੈ
ਕਿ ਅਸੀਂ ਕੁੱਝ ਕਰਨ ਜੋਗੇ ਨਹੀਂ
ਇਸੇ ਲਈ ਅਲੋਚਨਾ ਕਰਦੇ ਹਾਂ
ਕਿ ਅਸੀਂ ਅੱਜ ਦੀ ਹਕੀਕਤ ਤੋਂ ਅਣਜਾਂਣ
ਬੀਤੇ ਵਕਤ ਦੀਆਂ ਯਾਦਾਂ 'ਚ ਤਰਦੇ ਹਾਂ
ਤੁਹਾਡਾ ਕਹਿਣਾ ਹੈ
ਕਿ ਅਸੀਂ ਕੁੱਝ ਨਹੀਂ ਜਾਣਦੇ
ਜੰਗ ਦੇ ਦਾਓ ਪੇਚ ਨਹੀਂ ਪਹਿਚਾਣਦੇ
ਤੁਹਾਡੀ ਸਲਾਹ ਹੈ
ਕਿ ਅਸੀਂ ਚੁੱਪ ਰਹੀਏ
ਜ਼ਬਾਨ ਤੋਂ ਕੁੱਝ ਨਾ ਕਹੀਏ

+

(30-5-2009)

ਪਰਚਮ ਕੌਣ ਲਹਿਰਾਏਗਾ ?

(ਸ ਭਾਨ ਸਿੰਘ ਦੇ ਕਾਤਲਾਂ ਦੇ ਨਾਮ)
ਇਹ ਕੀ ਹੋ ਰਿਹਾ ਹੈ
ਇਹ ਕੀ ਕਰ ਰਹੇ ਹੋ
ਆਪਣੇ ਹੀ ਮਾਰ ਰਹੇ ਹੋ
ਜਾਂ ਖ਼ੁੱਦ ਮਰ ਰਹੇ ਹੋ
ਦੋਸਤ ਕੌਣ? ਦੁਸ਼ਮਣ ਕੌਣ?
ਭੁੱਲ ਗਏ ਹੋ ਯਾਰੋ
ਭਾਨ ਸਿੰਘ ਸਰਦਾਰ ਤੇ
ਤਾਹੀਓਂ ਵਾਰ ਕਰ ਰਹੇ ਹੋ
ਧਰਮ ਦੇ ਨਾਂ ਤੇ ਅਧਰਮ
ਸੱਚ ਦੇ ਨਾਂ ਝੂਠ
ਇੱਤਹਾਸ ਸ਼ਰਮਿੰਦਾ ਹੈ
ਏਕਾ ਹੈ ਲੀਰੋ ਲੀਰ
ਇਸ ਮਾਣਮੱਤੀ ਕੌਮ ਦੀ
ਅੱਜ ਕੀ ਬਣੀ ਤਸਵੀਰ !

ਦਿੱਲੀ ਚਾਹੇਗੀ
ਤੁਹਾਡੇ ਘਰ 'ਚ ਜੰਗ ਲੱਗੀ ਰਹੇ
ਭਰਾ ਮਾਰੂ ਫੁੱਟ ਦੀ
ਅਗਨੀ ਸਦਾ ਮੱਘੀ ਰਹੇ
ਮੈਂ, ਮੇਰੀ ਦੇ ਵਾਸਤੇ
ਤੁਸੀਂ ਇੰਝ ਹੀ ਲੜਦੇ ਰਹੋ
ਇੰਝ ਹੀ ਇੱਕ ਇੱਕ ਕਰਕੇ
ਉਸਦੇ ਢਹੇ ਚੜ੍ਹਦੇ ਰਹੋ
ਸੰਗੀਨਾਂ ਤੁਹਾਡੀਆਂ ਸਦਾ
ਇੱਕ ਦੂਜੇ ਤੇ ਤਣੀਆਂ ਰਹਿਣ
ਉਹ ਬਹਿ ਕੇ ਤਮਾਸ਼ਾ ਦੇਖੇ
ਉਸ ਘਰ ਖੁਸ਼ੀਆਂ ਬਣੀਆਂ ਰਹਿਣ
ਮੌਤ ਦੀਆਂ ਸਫਾਂ ਤੁਸੀਂ

ਇੱਕ ਦੂਜੇ ਘਰ ਵਿਛਾਂਦੇ ਰਹੋ
ਉਹ ਜਸ਼ਨ ਮਨਾਉਂਦੀ ਰਹੇ
ਵੈਣ ਤੁਸੀਂ ਪਾਉਂਦੇ ਰਹੋ
ਇੱਕ ਦੂਜੇ ਨੂੰ ਮਾਰ ਮਾਰ
ਜੱਦ ਤੁਸੀਂ ਹੰਭ ਜਾਓਗੇ
ਦਿੱਲੀ ਵਾਲਿਆਂ ਦੇ ਘਰ
ਫਤਿਹ ਦੇ ਜਸ਼ਨ ਹੋਣਗੇ
ਤੁਸੀਂ ਉਦੋਂ ਹੋ ਨਿਸੱਤੇ
ਮਾਤਮ ਕਰੋ, ਪਛਤਾਓਗੇ
ਹਾਲੇ ਵੀ ਵੇਲਾ ਜੇ, ਸੰਭਲੋ
ਵੇਲਾ ਕਿਤੇ ਲੰਘ ਜਾਏ ਨਾ
ਲੰਘ ਗਿਆ ਇੱਕ ਵਾਰ ਵੇਲਾ
ਮੁੜ ਕਦੇ ਹੱਥ ਆਏ ਨਾ
ਆਪਣੇ ਹਥਿਆਰਾਂ ਦੇ ਮੂੰਹ
ਦਿੱਲੀ ਦੇ ਵੱਲ ਮੋੜ ਦਿਓ
ਉਸ ਦੀ ਸਾਜ਼ਿਸ਼ ਬੁਣੇ ਜੋ
ਜਾਲ਼ ਸਾਰੇ ਤੋੜ ਦਿਓ
ਯਾਦ ਰੱਖੋ ਇੱਕੋ ਗੱਲ
ਬੱਸ, ਹਾਂ ਦਸਮੇਸ਼ ਜਾਏ
ਦੁਸ਼ਮਣ ਦੇ ਹੱਥ ਆਪਣੀ
ਕੋਈ ਕਮਜ਼ੋਰੀ ਨਾ ਆਏ
ਭੁੱਲ ਜਾਓ ਕੁੱਝ ਦੇਰ ਲਈ
ਜਥਿਆਂ ਦੀਆਂ ਹੱਦਬੰਦੀਆਂ
ਭੁੱਲ ਜਾਓ ਕੁੱਝ ਦੇਰ ਲਈ
ਰਹਿਤਾਂ ਦੀਆਂ ਸੱਭ ਵੰਡੀਆਂ
ਜੀ ਨਹੀਂ ਕਰਦਾ ਤੁਹਾਡਾ
ਨਾ ਖਾਓ ਬੇਸ਼ੱਕ ਮਾਸ
ਪਰ ਉਸਾਰੋ ਨਾ ਦੀਵਾਰਾਂ
ਆਪਣੇ ਤੁਸੀਂ ਆਸ ਪਾਸ
ਸਿੱਖੀ ਸਮੁੰਦਰ ਹੈ ਵਿਸ਼ਾਲ
ਖੂਹ ਦੇ ਵਾਸੀ ਨਾ ਬਣੋ
ਸਾਗ਼ਰ 'ਚ ਵੱਸੋ ਦੋਸਤੋ
ਸਾਗ਼ਰ 'ਚ ਤਾਰੀਆਂ ਲਾਓ
ਜਿੰਨੇ ਤੁਸੀਂ ਸਮਰੱਥ ਹੋ
ਓਨੀ ਡੂੰਘਾਈ ਤੱਕ ਜਾਓ
ਕੋਈ ਘੱਟ ਹੈ, ਕੋਈ ਵੱਧ ਹੈ

ਸੱਭ ਦੀ ਆਪਣੀ ਪਹੁੰਚ ਹੈ
ਖ਼ੁੱਦ ਨੂੰ ਉਤੱਮ ਸਮਝ ਕੇ
ਦੂਜੇ ਨੂੰ ਨੀਵਾਂ ਨਾ ਦਿਖਾਓ

ਪਰਸੋਂ ਗਿਆ ਸੀ ਲਾਭ ਸਿੰਘ
ਕੱਲ ਬ੍ਰਹਮਾ ਤੁਰ ਗਿਆ
ਆਉਣ ਵਾਲਾ ਕੱਲ, ਖਬਰ ਕੀ
ਕਿਸ ਨੂੰ ਲੈ ਜਾਏਗਾ
ਜੇ ਤੁਸੀਂ ਸੰਭਲੇ ਨਾ ਮਿੱਤਰੋ
ਪਰਚਮ ਕੌਣ ਲਹਿਰਾਏਗਾ

ਇਹ ਕੀ ਹੋ ਰਿਹਾ ਹੈ
ਇਹ ਕੀ ਕਰ ਰਹੇ ਹੋ
ਆਪਣੇ ਹੀ ਮਾਰ ਰਹੇ ਹੋ
ਜਾਂ ਖ਼ੁੱਦ ਮਰ ਰਹੇ ਹੋ
ਦੋਸਤ ਕੌਣ? ਦੁਸ਼ਮਣ ਕੌਣ?
ਭੁੱਲ ਗਏ ਹੋ ਯਾਰੋ
ਭਾਨ ਸਿੰਘ ਸਰਦਾਰ ਤੇ
ਤਾਹੀਓਂ ਵਾਰ ਕਰ ਰਹੇ ਹੋ

+

(2-9-1988)

ਗੀਤ

(ਨਿਰਮੋਹੀਆਂ ਭੈਣਾਂ ਦੇ ਨਾਮ)

ਕਹਿੰਦੇ ਨੇ ਭੈਣਾਂ ਜਿਹਾ ਸਾਕ ਦੂਜਾ ਕੋਈ ਨਾ
ਲੱਗਦੈ ਇਹ ਗੱਲ ਸਾਡੇ ਲਈ ਸੱਚੀ ਹੋਈ ਨਾ
ਤੁਸੀਂ ਕੀ ਜਾਣੋ ਭੈਣੋ ਨਿਰਮੋਹੀਓ
ਲੰਘਿਆ ਨਾ ਦਿਨ ਕੋਈ ਵੀ
ਜਿੱਦਣ ਅੱਖ ਇਸ ਵੀਰ ਦੀ ਰੋਈ ਨਾ

ਛੋਟੇ ਹੁੰਦਿਆਂ ਦੀ ਕੀ ਯਾਦ ਕਦੇ ਆਈ ਨਾ
ਯਾਦ ਕਿਤੇ ਆ ਕੇ ਕਦੇ ਅੱਖ ਛੱਲਕਾਈ ਨਾ
ਤੁਸੀਂ ਕੀ ਜਾਣੋ ਭੈਣੋ ਨਿਰਮੋਹੀਓ
ਯਾਦਾਂ ਦਾ ਜੋ ਮੁੱਲ ਸਾਡੇ ਲਈ
ਅਸਾਂ ਯਾਦਾਂ ਬਿਨ ਘੜੀ ਕੋਈ ਲੰਘਾਈ ਨਾ

ਲੱਗਦੈ ਇਸ ਵੀਰ ਨੂੰ ਵਿਸਾਰ ਤੁਸਾਂ ਛਡਿਆ
ਹਾਲਾਤ ਘਰੋਂ ਕਢਿਆ, ਤੁਸਾਂ ਦਿਲੋਂ ਕਢਿਆ
ਤੁਸੀਂ ਕੀ ਜਾਣੋਂ ਭੈਣੋ ਨਿਰਮੋਹੀਓ
ਸਾਡੇ ਤੋਂ ਨਾ ਭੁਲਿਆ ਗਿਆ
ਤੰਦਾਂ ਮੋਹ ਦੀਆਂ ਨੂੰ ਭਾਵੇਂ ਲੱਖ ਵਢਿਆ

ਝੂਠਾ ਸੱਚਾ ਵੀ ਤੁਸਾਂ ਖੱਤ ਕਦੇ ਪਾਇਆ ਨਾ
ਖੱਤ ਪਾਣ ਨੂੰ ਕੀ ਕਦੇ ਜੀ ਲਲਚਾਇਆ ਨਾ
ਤੁਸੀਂ ਕੀ ਜਾਣੋ ਭੈਣੋ ਨਿਰਮੋਹੀਓ
ਨੈਣ ਥੱਕ ਗਏ ਉਡੀਕਦੇ
ਖੱਤ ਆਇਆ ਨਾ, ਆਇਆ ਨਾ, ਖੱਤ ਆਇਆ ਨਾ ।

+

(18-12-1988)

ਅਣਲਿਖੀਆਂ ਨਜ਼ਮਾਂ

ਜੱਦ ਵੀ ਕੋਈ ਨਵਾਂ ਫੁੱਲ ਖਿੜਿਆ ਦੇਖਦਾ ਹਾਂ
ਮੇਰੇ ਅੰਦਰ ਇੱਕ ਨਵੀਂ ਨਜ਼ਮ ਮਚਲਣ ਲੱਗਦੀ ਹੈ
ਇਹ ਨਜ਼ਮ ਮੇਰੇ ਅੰਦਰੋਂ ਨਿਕਲ ਕੇ ਕਾਗ਼ਜ਼ ਤੱਕ ਆਵੇ ਨਾ ਆਵੇ
ਮੇਰੇ ਚਿਹਰੇ ਤੱਕ ਜ਼ਰੂਰ ਆਉਂਦੀ ਹੈ
ਕਦੇ ਫੁੱਲ ਦੇ ਵਾਂਗ ਖਿੜਾਉਂਦੀ ਹੈ,
ਕਦੇ ਚਿਹਰਾ ਮੇਰਾ ਮੁਰਝਾਉਂਦੀ ਹੈ
ਮੇਰੀਆਂ ਇਹ ਅਣਲਿਖੀਆਂ ਨਜ਼ਮਾਂ
ਮੇਰੀ ਜ਼ਿੰਦਗੀ ਦੀ ਅਸਲ ਤਸਵੀਰ ਨੇ
ਮੇਰਾ ਸਰਮਾਇਆ ਨੇ
ਇਹਨਾਂ ਨਜ਼ਮਾਂ ਨੇ ਹੀ ਤਾਂ ਮੇਰੇ ਅਣਕਹੇ ਦਰਦਾਂ ਨੂੰ,
ਅਣਦਿਸਦੇ ਦਾਗ਼ਾਂ ਨੂੰ ਲੁਕਾਇਆ ਏ
ਮੈਂ ਆਪਣੇ ਦਾਗ਼, ਆਪਣੇ ਦਰਦ
ਜਾਣ ਬੁੱਝ ਕੇ ਲੁਕਾਣੇ ਨਹੀਂ ਚਾਹੇ
ਮੈਂ ਆਪਣੀ ਕਿਸੇ ਨਜ਼ਮ ਨੂੰ, ਜੋ ਕਾਗ਼ਜ਼ ਤੱਕ ਆਣਾ ਚਾਹੇ
ਕਦੇ ਰੋਕਿਆ ਨਹੀਂ
ਮੈਂ ਆਪਣੇ ਅੰਦਰ ਦੇ ਸੱਚ ਤੋਂ
ਭਾਵੇਂ ਉਹ ਕੌੜਾ ਹੋਵੇ ਜਾਂ ਮਿੱਠਾ
ਕਦੇ ਖੌਫ਼ਜ਼ਦਾ ਨਹੀਂ ਹੋਇਆ
ਮੈਂ ਜੱਦ ਹੱਸਿਆ ਹਾਂ ਤਾਂ ਖੁੱਲ੍ਹ ਕੇ ਹਸਿਆ ਹਾਂ
ਰੋਇਆ ਹਾਂ ਤਾਂ ਖੁੱਲ੍ਹ ਕੇ ਰੋਇਆ

ਮੇਰੇ ਦੋਸਤੋ
ਜੇ ਤੁਸੀਂ ਮੇਰੀਆਂ ਅਣਲਿੱਖੀਆਂ ਨਜ਼ਮਾਂ ਨਹੀਂ ਪੜ੍ਹੀਆਂ
ਤਾਂ ਸਾਡੀ ਦੋਸਤੀ ਅਧੂਰੀ ਹੈ
ਪਰ ਇਹ ਵੀ ਤਾਂ ਕੋਈ ਖਾਸ ਗੱਲ ਨਹੀਂ
ਇੱਥੇ ਕਿਹੜੀ ਸ਼ੈਅ ਹੈ, ਜੋ ਪੂਰੀ ਹੈ

ਅੱਜ ਫੇਰ ਮੇਰੇ ਵਿਹੜੇ ਵਿੱਚ ਇੱਕ ਨਵਾਂ ਫੁੱਲ ਖਿੜਿਆ ਹੈ
ਅੱਜ ਫੇਰ ਮੇਰੇ ਅੰਦਰ ਇੱਕ ਨਵੀਂ ਨਜ਼ਮ ਮਚਲੇਂਦੀ ਹੈ
ਪਤਾ ਨਹੀ ਕਾਗ਼ਜ਼ ਤੱਕ ਆਵੇਗੀ ਜਾਂ ਨਹੀਂ ਆਵੇਗੀ
ਮੇਰਾ ਕੋਈ ਅਣਕਿਹਾ ਦਰਦ ਸੁਣਾਵੇਗੀ ਜਾਂ ਨਹੀਂ ਸੁਣਾਵੇਗੀ

ਜੱਦ ਵੀ ਕੋਈ ਨਵਾਂ ਫੁੱਲ ਖਿੜਿਆ ਦੇਖਦਾ ਹਾਂ
ਮੇਰੇ ਅੰਦਰ ਇੱਕ ਨਵੀਂ ਨਜ਼ਮ ਮਚਲਣ ਲੱਗਦੀ ਹੈ

+

(18-12-1988)

ਉਦਾਸੀ

ਉਦਾਸੀਏ
ਤੂੰ ਕਿੱਥੋਂ ਆਈ ਏਂ
ਕਿੰਨਾ ਕੁ ਚਿਰ ਠਹਿਰੇਂਗੀ
ਕਦੋਂ ਜਾਏਂਗੀ
ਜਾਣ ਲਗਿਆਂ
ਇਹ ਵੀ ਦੱਸ ਜਾਈਂ
ਕਿੰਨੇ ਕੁ ਚਿਰ ਲਈ ਚਲੀ ਏਂ
ਤੇ ਮੁੜ ਕੇ ਕਦੋਂ ਆਏਂਗੀ

ਤੂੰ ਹੀ ਤਾਂ
ਅਸਲ ਸਾਥਣ ਏਂ ਮੇਰੀ
ਤੇਰੇ ਬਿਨ ਜੋ ਵੀ ਹੈ
ਸੱਭ ਐਵੇਂ ਈ ਏ
ਕੋਈ ਆਇਆ ਹੀ ਨਹੀਂ
ਤੇ ਕੋਈ ਆ ਕੇ ਛੱਡ ਗਿਆ ਏ
ਇੱਕ ਤੂੰ ਹੀ ਏਂ
ਜੋ ਲੱਗਦੈ ਹਰ ਹਾਲ'ਚ ਨਿਭਾਏਂਗੀ
ਭਾਵੇਂ ਤੇਰਾ ਥਹੁ ਪਤਾ ਨਹੀਂ ਮੈਨੂੰ
ਪਰ ਜਦ ਵੀ ਤੂੰ ਜਾਨੀ ਏਂ
ਮੁੜ ਕੇ ਜ਼ਰੂਰ ਆਨੀ ਏਂ
ਇਹ ਤੇਰੀ ਰੀਤ ਏ
ਆਉਂਦੀ ਕੁੱਝ ਲੈ ਕੇ ਆਏਂਗੀ
ਤੇ ਜਾਂਦੀ
ਕੁੱਝ ਝੋਲੀ ਵੀ ਜ਼ਰੂਰ ਪਾਏਂਗੀ
ਨਾ ਮੈਂ ਤੈਨੂੰ
ਕਦੇ ਜੀ ਆਇਆਂ ਕਿਹੈ
ਨਾ ਕਦੇ ਗਲਵੱਕੜੀ 'ਚ ਲਿਐ
ਪਰ ਤੂੰ
ਮੇਰੇ ਰੁੱਖੇਪਨ ਦਾ

ਨਾ ਕਦੇ ਬੁਰਾ ਮਨਾਇਐ
ਨਾ ਲੱਗਦੈ ਮਨਾਏਂਗੀ
ਨਾ ਪਤਾ ਦੱਸਨੀ ਏਂ
ਨਾ ਸਾਥ ਛੱਡਨੀ ਏਂ
ਬਾਹਰੋਂ ਆਨੀ ਏਂ ?
ਜਾਂ ਅੰਦਰ ਵੱਸਨੀ ਏਂ ?
ਇਹ ਕੈਸੀ ਅਪਣੱਤ ਏ
ਕੈਸਾ ਰਿਸ਼ਤਾ ਏ
ਬਸ ਆਪ ਹੀ ਜਾਣੇਂਗੀ
ਜਾਂ ਮੈਨੂੰ ਵੀ ਕੁੱਝ ਸਮਝਾਏਂਗੀ

ਖ਼ੁਸ਼ੀ ਦੀ ਤਾਂ ਲੱਗਦੈ
ਸਾਡੇ ਨਾਲ ਗ਼ੈਰਸਾਲੀ ਏ
ਸਾਡੇ ਵੱਲ ਫੇਰਾ
ਕਦੇ ਪਾਂਦੀ ਹੀ ਨਹੀਂ
ਫਿਰ ਵੀ ਦਿੱਲ ਏ
ਕਿ ਉਸ ਲਈ ਤਰਸਦਾ ਏ
ਉਹ ਵੇ ਕਿ ਆਂਦੀ ਜਾਂਦੀ ਵੀ
ਆਂਦੀ ਹੀ ਨਹੀਂ
ਇੱਕ ਤੂੰ ਏਂ
ਕਿ ਬਿਨ ਬੁਲਾਏ ਆਉਨੀ ਏਂ
ਇੱਕ ਉਹ ਵੇ
ਨੈਣ ਵਿਛਾਈਏ ਤਾਂ ਵੀ ਨਹੀਂ ਆਉਂਦੀ
ਇੱਕ ਮੈਂ ਵਾਂ
ਤੇਰੀ ਅਪਣੱਤ ਦੀ ਵੀ ਕਦਰ ਨਹੀਂ ਕਰਦਾ
ਮਰਨਾਂ ਉਸ ਗ਼ੈਰ ਉਤੇ
ਜੋ ਮੈਨੂੰ ਨਹੀਂ ਅਪਣਾਉਂਦੀ

ਉਦਾਸੀਏ
ਤੂੰ ਕਿੱਥੋਂ ਆਈ ਏਂ ....

\+ (20-3-1989)

ਗ਼ਜ਼ਲ

ਕਦੇ ਸੱਭ ਆਪਣੇ ਲੱਗਦੇ ਨੇ, ਤੇ ਕਦੇ ਸੱਭ ਹੀ ਪਰਾਏ
ਰਿਸ਼ਤਿਆਂ ਦੇ ਜ਼ਖਮ ਯਾਰੋ ਅਸਾਂ ਰੱਜ ਕੇ ਹੰਢਾਏ
ਕੁੱਝ ਖ਼ੂਨ ਦੇ ਰਿਸ਼ਤੇ ਨੇ, ਕੁੱਝ ਸੋਚ ਦੇ ਰਿਸ਼ਤੇ
ਜੱਦ ਵਕਤ ਨੇ ਰੰਗ ਬਦਲੇ, ਸੱਭ ਹੋ ਗਏ ਪਰਾਏ
ਰੰਗ ਲਹੂ ਦਾ ਗੂੜ੍ਹਾ ਹੈ, ਜਾਂ ਹੈ ਸੋਚ ਦਾ ਗੂੜ੍ਹਾ
ਆਈ ਨਾ ਸਮਝ ਅੱਜ ਤੱਕ, ਕੋਈ ਆ ਕੇ ਸਮਝਾਏ
ਕਿਓਂ ਰੰਗ ਬਦਲਦੇ ਨੇ, ਕਿੰਝ ਰੰਗ ਬਦਲਦੇ ਨੇ
ਕੱਲ ਤੱਕ ਹੋਵੇ ਜੋ ਆਪਣਾ, ਅੱਜ ਗ਼ੈਰ ਕਿਵੇਂ ਹੋ ਜਾਏ
ਅਸੀਂ ਫੱਕੜ੍ਹ, ਅਸੀਂ ਯਕੜ੍ਹ, ਕਿਸਮਤ ਦੇ ਹਾਂ ਮਾਰੇ
ਕਦੇ "ਮਾਇਆ" ਨੇ, ਕਦੇ "ਮੈਂ" ਨੇ ਸਾਨੂੰ ਰੰਗ ਦਿਖਾਏ
ਜਿਨ੍ਹਾਂ ਦਿਲਾਂ 'ਚ ਵੱਸਦੇ ਸਾਂ, ਤੇ ਰੱਲ ਮਿੱਲ ਹੱਸਦੇ ਸਾਂ
ਹੋਏ ਸੱਭ ਲਈ ਪਰਾਏ ਹਾਂ, ਕੌਣ ਦਰਦ ਵੰਡਾਏ
ਹੋਏ ਗ਼ੈਰ ਜਿਨ੍ਹਾਂ ਲਈ ਹਾਂ, ਲੱਗਣ ਫਿਰ ਵੀ ਉਹ ਆਪਣੇ
ਜਿਨ੍ਹਾਂ ਦਿੱਤਾ ਭੁਲਾ ਸਾਨੂੰ, ਸਾਥੋਂ ਜਾਂਦੇ ਨਾ ਭੁਲਾਏ

ਕਦੇ ਸੱਭ ਆਪਣੇ ਲੱਗਦੇ ਨੇ, ਤੇ ਕਦੇ ਸੱਭ ਹੀ ਪਰਾਏ
ਰਿਸ਼ਤਿਆਂ ਦੇ ਜ਼ਖਮ ਯਾਰੋ ਅਸਾਂ ਰੱਜ ਕੇ ਹੰਢਾਏ

+

(8–5–1989)

ਤੁਸੀਂ ਤੇ ਅਸੀਂ

ਤੁਸੀਂ ਸਾਡੇ ਨਾਲ ਵਾਅਦਾ ਕੀਤਾ
ਅਸੀਂ ਵਿਸ਼ਵਾਸ ਕਰ ਲਿਆ
ਤੁਸੀਂ ਸਾਡੇ ਨਾਲ ਦਗ਼ਾ ਕੀਤਾ
ਅਸੀਂ ਸਬਰ ਕਰ ਲਿਆ
ਤੁਸੀਂ ਸਾਨੂੰ ਜ਼ਲੀਲ ਕੀਤਾ
ਅਸੀਂ ਉਹ ਵੀ ਜਰ ਲਿਆ
ਤੁਸੀਂ ਸਾਨੂੰ ਮਿਟਾਣਾ ਚਾਹਿਆ
ਅਸੀਂ ਰੌਲਾ ਪਾਇਆ
ਤੁਸੀਂ ਸਾਨੂੰ ਹੱਥਕੜੀਆਂ ਲਾਈਆਂ
ਅਸੀਂ ਗਹਿਣਿਆਂ ਵਾਂਗ ਛਣਕਾਈਆਂ
ਤੁਸੀਂ ਸਾਨੂੰ ਬੇੜੀਆਂ ਲਾਈਆਂ
ਅਸਾਂ ਸਾਜ਼ ਬਣਾ ਵਜਾਈਆਂ
ਤੁਸੀਂ ਸਾਨੂੰ ਗੋਲੀ ਮਾਰੀ
ਅਸੀਂ ਸ਼ਹਾਦਤ ਦਾ ਤਗ਼ਮਾਂ ਲਾਇਆ
ਤੇ ਆਪਣੇ ਲਹੂ 'ਚ ਰੰਗ ਕੇ
ਖਾਲਿਸਤਾਨ ਦਾ ਪਰਚਮ ਲਹਿਰਾਇਆ
ਹੁਣ ਤੁਸੀਂ ਤੇ ਅਸੀਂ ਆਹਮੋ ਸਾਹਮਣੇ ਹਾਂ
ਤੇ ਫੈਸਲਾ ਮੈਦਾਨੇ-ਜੰਗ 'ਚ ਕਰਾਂਗੇ
ਜੀਆਂਗੇ ਤਾਂ ਅਣਖ ਨਾਲ ਜੀਆਂਗੇ
ਮਰਾਂਗੇ ਤਾਂ ਮਾਣ ਨਾਲ ਮਰਾਂਗੇ

ਤੁਸੀਂ ਸਾਡੇ ਨਾਲ ਵਾਅਦਾ ਕੀਤਾ
ਅਸੀਂ ਵਿਸ਼ਵਾਸ ਕਰ ਲਿਆ

+

(12–5–1989)

ਮਾਂ

ਚਿੜੀਓ ਨੀ
ਮੇਰੀ ਮਾਂ ਦੀ ਚਿੱਠੀ ਲੈ ਕੇ ਆਓ
ਚਿੜੀਓ ਨੀ
ਮੇਰੀ ਮਾਂ ਨੂੰ ਮੇਰਾ ਦਰਦ ਸੁਣਾਓ
ਮਾਂ ਬਿਨ ਖੁਸ਼ੀ ਨਹੀਂ
ਮਾਂ ਬਿਨ ਖੇੜਾ ਨਹੀਂ
ਮਾਂ ਬਿਨ ਕੁੱਝ ਵੀ ਨਹੀਂ
ਆਵੇ ਨਾ ਜੇ ਚਿੱਠੀ ਉਹਦੀ
ਸੱਭੋ ਕੁੱਝ ਭੁੱਲ ਜਾਵੇ
ਫੇਰ ਕੁੱਝ ਸੁੱਝਦਾ ਨਹੀਂ
ਰੁੱਸੀ ਲੱਗੇ ਮਾਂ ਜੇਕਰ
ਹਾਸੇ ਮੈਥੋਂ ਰੁੱਸ ਜਾਣ
ਦੁਨੀਆਂ ਪਰਾਈ ਲੱਗੇ ਸਾਰੀ
ਨੈਣਾਂ ਨੂੰ ਨਾ ਭਾਏ ਕੁੱਝ
ਭੁੱਖ ਤੇ ਪਿਆਸ ਮਰੇ
ਰਾਤਾਂ ਦੀ ਵੀ ਨੀਂਦ ਜਾਏ ਮਾਰੀ
ਚਿੜੀਓ ਨੀ
ਮੇਰੀ ਮਾਂ ਨੂੰ ਮੇਰਾ ਹਾਲ ਸੁਣਾਓ
ਚਿੜੀਓ ਨੀ
ਮੇਰੀ ਮਾਂ ਤੋਂ ਮੇਰੇ ਲਈ ਪਿਆਰ ਲਿਆਓ
ਮਾਏ ਨੀ ਤੂੰ ਛਾਂ ਨੀ
ਮਾਏ ਨੀ ਤੂੰ ਨਿੱਘ ਨੀ
ਮਾਏ ਨੀ ਤੂੰ ਠੰਡੀ ਠੰਡੀ ਵਾਅ
ਪਿਆਰ ਤਾਂ ਪਿਆਰਾ ਤੇਰਾ
ਗੁੱਸਾ ਵੀ ਪਿਆਰਾ ਲੱਗੇ
ਸਾਨੂੰ ਤੇਰੇ ਮਿਲਣੇ ਦਾ ਚਾਅ
ਮੈਂ ਆਖਾਂ ਮੈਂ ਕੈਦੀ
ਤੂੰ ਆਖੇਂ ਤੂੰ ਕੈਦੀ
ਮਿਲਣੇ ਦਾ ਦਿਸੇ ਨਾ ਕੋਈ ਰਾਹ

ਬੂਹੇ ਸਾਰੇ ਬੰਦ ਨੇ
ਤੇ ਆਸਾਂ ਵੀ ਨੇ ਟੁੱਟੀਆਂ
ਸਾਹਾਂ ਦਾ ਵੀ ਮਾਏ ਕੀ ਵਿਸਾਹ
ਚਿੜੀਓ ਨੀ
ਹੁਣ ਤੁਸੀਂ ਹੀ ਕੋਈ ਆਸ ਬਨਾਓ
ਚਿੜੀਓ ਨੀ
ਹੁਣ ਤੁਸੀਂ ਹੀ ਕੋਈ ਰਾਹ ਵਿਖਾਓ

ਚਿੜੀਓ ਨੀ
ਮੇਰੀ ਮਾਂ ਦੀ ਚਿੱਠੀ ਲੈ ਕੇ ਆਓ
ਚਿੜੀਓ ਨੀ
ਮੇਰੀ ਮਾਂ ਨੂੰ ਮੇਰਾ ਦਰਦ ਸੁਣਾਓ

+

(14-6-1989)

ਇਹ ਕੈਸੀ ਉਦਾਸੀ ਹੈ

ਕਰਾਂ ਕੀ, ਮੈਂ ਕਹਾਂ ਕੀ
ਕੁੱਝ ਵੀ ਸਮਝ ਨਹੀਂ ਪੈਂਦੀ
ਦਿੱਲ ਕੁੱਝ ਹੋਰ ਹੈ ਚਾਹੁੰਦਾ
ਸੋਚ ਕੁੱਝ ਹੋਰ ਹੈ ਚਾਹੁੰਦੀ
ਸਾਵਣ, ਬੱਦਲ, ਤੇ ਕਿਣ ਮਿਣ
ਸੱਭ ਕੁੱਝ ਬਹੁਤ ਪਿਆਰਾ ਹੈ
ਪਤਾ ਨਹੀਂ ਕੀ ਹੋਇਐ ਸਾਨੂੰ
ਕਿਓਂ ਸਾਡਾ ਹਾਲ ਮਾੜਾ ਹੈ
ਇਹ ਕੈਸੀ ਉਦਾਸੀ ਹੈ
ਜੋ ਖਹਿੜਾ ਹੀ ਨਹੀਂ ਛੱਡਦੀ
ਮੌਸਮ ਰਾਂਗਲੇ ਵਿੱਚ ਵੀ
ਪਾਈ ਬੈਠੀ ਪਵਾੜਾ ਹੈ
ਜਾ ਉਦਾਸੀਏ ਨੀ ਜਾ
ਜਾ ਥੋੜੇ ਹਾਸੇ ਭੇਜ ਦੇ
ਹੁਣ ਇਹੀ ਦਿੱਲ, ਇਹੀ ਸੋਚ,
ਇਹੀ ਮੌਸਮ ਦਾ ਹਾੜਾ ਹੈ
ਜਾ ਨੀ ਛੇਤੀ ਜਾ
ਕਿਤੇ ਮੌਸਮ ਨਾ ਬਦਲ ਜਾਏ
ਦਿੱਲ ਦੇ ਵਾਂਗ
ਮੌਸਮ ਵੀ ਤਾਂ ਬੇ –ਇਤਬਾਰਾ ਹੈ
ਸਾਵਣ, ਬੱਦਲ, ਤੇ ਕਿਣ ਮਿਣ
ਸੱਭ ਕੁੱਝ ਬਹੁਤ ਪਿਆਰਾ ਹੈ
ਪਤਾ ਨਹੀਂ ਕੀ ਹੋਇਐ ਸਾਨੂੰ
ਕਿਓਂ ਸਾਡਾ ਹਾਲ ਮਾੜਾ ਹੈ

+

(1-8-1989)

?

ਪੱਤਝੜ ਦਾ ਜਾਣਾ
ਬਹਾਰ ਦਾ ਆਣਾ
ਫੁੱਲਾਂ ਦਾ ਖਿੜਨਾ
ਪੰਛੀਆਂ ਦਾ ਚਹਿਚਹਾਣਾ
ਹਾਲੇ ਵੀ ਅੱਛਾ ਲੱਗਦਾ ਹੈ
ਪਰ ਆਮ ਜਿਹਾ
ਕੁੱਝ ਖਾਸ ਨਹੀਂ
ਹੁਣ ਤੱਕ ਕੇ ਇਹਨਾਂ ਫੁੱਲਾਂ ਵੱਲ
ਜਾਂ ਸੁਣ ਕੇ ਚਹਿਕ ਪੰਛੀਆਂ ਦੀ
ਮੇਰੀ ਰੂਹ ਦੀ ਬੁੱਝਦੀ ਪਿਆਸ ਨਹੀਂ
ਲੱਗਦਾ ਹੈ ਸੱਭ ਕੁੱਝ ਆਮ ਜਿਹਾ
ਹੁਣ ਕੁੱਝ ਵੀ ਲੱਗਦਾ ਖਾਸ ਨਹੀਂ

ਪੱਤਝੜ ਦਾ ਜਾਣਾ
ਬਹਾਰ ਦਾ ਆਣਾ
ਫੁੱਲਾਂ ਦਾ ਖਿੜਨਾ
ਪੰਛੀਆਂ ਦਾ ਚਹਿਚਹਾਣਾ
ਹਾਲੇ ਵੀ ਅੱਛਾ ਲੱਗਦਾ ਹੈ
ਪਰ ਆਮ ਜਿਹਾ
ਕੁੱਝ ਖਾਸ ਨਹੀਂ

+

(3-2-1990)

ਪਤਾ ਨਹੀਂ ਸਮਝ ਜ਼ਿੰਦਗੀ ਦੀ ਕਦੋਂ ਆਵੇਗੀ

ਕੁੱਝ ਬੀਤ ਗਈ ਹੈ
ਕੁੱਝ ਬੀਤ ਰਹੀ ਐ
ਕੁੱਝ ਬੀਤ ਜਾਵੇਗੀ
ਪਤਾ ਨਹੀਂ ਸਮਝ ਜ਼ਿੰਦਗੀ ਦੀ ਕਦੋਂ ਆਵੇਗੀ
ਅੱਧ ਗੁਜ਼ਰ ਗਿਆ ਹੈ, ਅੱਧ ਬਾਕੀ ਰਹਿ ਗਿਆ ਹੈ
ਮੇਰਾ ਪਿਆਲਾ ਹਾਲੇ ਬਿਲਕੁੱਲ ਖ਼ਾਲੀ ਪਿਆ ਹੈ
ਕਿੰਨੀ ਭਰੀ ਭਰੀ ਹੈ ਇਹ ਦੁਨੀਆਂ ਸਾਰੀ
ਗਿਆਨ ਹੈ, ਖੁਸ਼ੀ ਹੈ, ਰੰਗੀਨੀ ਹੈ
ਸਾਡੇ ਹਿੱਸਾ ਆਇਆ ਪਰ ਕੁੱਝ ਵੀ ਨਹੀਂ ਹੈ
ਜਿਵੇਂ ਆਏ ਸਾਂ
ਉਵੇਂ ਹੀ ਤੁਰ ਜਾਣਾ ਹੈ
ਸ਼ਾਇਦ ਉਪਰ ਵਾਲੇ ਦਾ ਇਹੀ ਭਾਣਾ ਹੈ
ਜੇ ਉਹ ਚਾਹੇ ਤਾਂ
ਪਲਾਂ 'ਚ ਕੁੱਝ ਦਾ ਕੁੱਝ ਬਣਾ ਦੇਵੇ
ਧਰਤੀ ਦੇ ਜ਼ਰਿਆਂ ਦੇ
ਅਸਮਾਨਾਂ ਨੂੰ ਹੱਥ ਲਵਾ ਦੇਵੇ
ਮੈਂ ਵੀ ਉਸ ਦੀ ਰਹਿਮੱਤ ਦਾ
ਇੱਕ ਮੁਤਲਾਸ਼ੀ ਹਾਂ
ਇਹ ਉਹ ਜਾਣੇ
ਬੇ-ਵਿਸ਼ਵਾਸਾ ਹਾਂ, ਜਾਂ ਵਿਸ਼ਵਾਸੀ ਹਾਂ

ਕੁੱਝ ਬੀਤ ਗਈ ਹੈ
ਕੁੱਝ ਬੀਤ ਰਹੀ ਐ
ਕੁੱਝ ਬੀਤ ਜਾਵੇਗੀ
ਪਤਾ ਨਹੀਂ ਸਮਝ ਜ਼ਿੰਦਗੀ ਦੀ ਕਦੋਂ ਆਵੇਗੀ

+

(13-2-1990)

ਗ਼ਜ਼ਲ

ਆ ਜਾ ਸੱਜਣੀ ਗੱਲਾਂ ਕਰੀਏ ਪਿਆਰ ਦੀਆਂ
ਫੁੱਲਾਂ ਦੀਆਂ, ਖੁਸ਼ਬੋਆਂ ਦੀਆਂ, ਬਹਾਰ ਦੀਆਂ
ਰੁੱਤ ਬਿਰਹਾ ਦੀ ਮੁੱਕਦੀ ਮੁੱਕਦੀ ਲੱਗਦੀ ਏ
ਮਿਲਣੀਆਂ ਦੀਆਂ ਸੋਚਾਂ ਸਨਾਂ ਠਾਰਦੀਆਂ
ਸੱਭ ਕੁੱਝ ਚੰਗਾ ਚੰਗਾ ਲੱਗਣ ਲੱਗ ਪਿਆ ਏ
ਇੱਛਾਵਾਂ ਪਈਆਂ ਨੇ ਖੰਬ ਖਿਲਾਰਦੀਆਂ
ਸੰਵਰਨ ਨੂੰ ਵੀ ਦਿੱਲ ਹੁਣ ਕਰਦਾ ਰਹਿੰਦਾ ਏ
ਅੱਖੀਆਂ ਰਹਿੰਦੀਆਂ ਆਪਣਾ ਆਪ ਨਿਹਾਰਦੀਆਂ
ਪੱਲ, ਪਰ ਲੰਮੇ ਲੰਮੇ ਹੋ ਗਏ ਲੱਗਦੇ ਨੇ
ਔਖੀਆਂ ਲੰਘਣ ਘੜੀਆਂ ਇੰਤਜ਼ਾਰ ਦੀਆਂ
ਆ ਜਾ ਸੱਜਣੀ ਗੱਲਾਂ ਕਰੀਏ ਪਿਆਰ ਦੀਆਂ
ਫੁੱਲਾਂ ਦੀਆਂ, ਖੁਸ਼ਬੋਆਂ ਦੀਆਂ, ਬਹਾਰ ਦੀਆਂ

+

(5-4-1990)

ਕਨਸੋਅ

ਕਿਓਂ ਖਿੱਚਾਂ ਪੈਂਦੀਆਂ ਨੇ
ਮੇਰੇ ਦਿੱਲ ਦੀਆਂ ਤਾਰਾਂ ਨੂੰ
ਕਿਓਂ ਨਜ਼ਰਾਂ ਉਠਦੀਆਂ ਨੇ
ਮੁੜ੍ਹ ਮੁੜ੍ਹ ਦਰਵਾਜ਼ੇ ਵੱਲ
ਬੇਟੀ ਦੇ ਆਣੇ ਦੀ
ਕਨਸੋਅ ਜੂ ਆਈ ਹੈ
ਮੋਹ ਦੀ ਮੱਦਹੋਸ਼ੀ ਜਿਹੀ
ਮੇਰੇ ਲੂੰ ਲੂੰ ਛਾਈ ਹੈ
ਮੈਂ ਸੋਚਦਾ ਰਹਿੰਦਾ ਹਾਂ
ਕਿਝ ਮਿਲੇਗੀ ਉਹ ਆ ਕੇ
ਉਹ ਦੋੜੀ ਆਵੇਗੀ
ਮੈਂ ਮਿਲਾਂਗਾ ਗੱਲ ਲਾ ਕੇ
ਕੀ ਗੱਲਾਂ ਕਰੇਗੀ ਉਹ
ਕਿਝ ਗੱਲਾਂ ਕਰੇਗੀ ਉਹ
ਕੀ ਕੀ ਉਹ ਪੁੱਛੇਗੀ
ਕੀ ਕੀ ਉਹ ਦੱਸੇਗੀ
ਇਹੀ ਸੋਚਦਾ ਰੰਹਿਦਾ ਹਾਂ
ਉਠਦਾ ਕਦੇ ਬਹਿੰਦਾ ਹਾਂ

ਕਿਓਂ ਖਿੱਚਾਂ ਪੈਂਦੀਆਂ ਨੇ
ਮੇਰੇ ਦਿੱਲ ਦੀਆਂ ਤਾਰਾਂ ਨੂੰ
ਕਿਓਂ ਨਜ਼ਰਾਂ ਉਠਦੀਆਂ ਨੇ
ਮੁੜ੍ਹ ਮੁੜ੍ਹ ਦਰਵਾਜ਼ੇ ਵੱਲ

+

(8-4-1990)

ਤਰਿਹਾਏ
ਰਾਤ ਦਾ ਗਿਲਾ ਕਰਾਂ

ਜਾਂ ਦਿਨ ਦੀ ਇੰਤਜ਼ਾਰ
ਰੱਬ ਜੀ,
ਕਿਓਂ ਨਾ ਆਇਆ ਆ ਕੇ ਵੀ
ਸਾਡੇ ਹਿੱਸੇ ਵਿੱਚ ਪਿਆਰ

ਖੂਹ ਮੁਹਾਣੇ ਬਹਿ ਕੇ ਵੀ
ਅਸੀਂ ਰਹੀਏ ਸਦਾ ਤਰਿਹਾਏ
ਰੱਬ ਜੀ,
ਕੀ ਸਾਡੇ ਲੇਖੀਂ ਲਿਖਿਆ ਈ
ਤੁਰ ਜਾਣਾ ਭਰੇ ਭਰਾਏ

ਤੂੰ ਮਿਲਾਇਆ ਮਿਲ ਪਏ
ਤੂੰ ਵਿਛੋੜਿਆ ਵਿਛੜ ਗਏ
ਰੱਬ ਜੀ,
ਤੇਰੇ ਬਿਨ ਦੱਸ ਸਾਡੀ ਇੱਥੇ
ਹੋਰ ਕੋਣ ਸਾਰ ਲਏ

ਬੜੀ ਲੰਮੀ ਇਹ ਰਾਤ ਹੈ ਆਈ
ਮੁੱਕਦੀ ਦਿਸੇ ਨਾ ਕਾਈ
ਰੱਬ ਜੀ,
ਮੇਹਰ ਕਰੋ ਕੁੱਝ ਸਾਥੋਂ
ਸਾਡੀ ਜਿੰਦ ਜਾਂਦੀ ਕੁਮਲਾਈ

ਸਾਡੀ ਝੋਲ੍ਹੀ ਵਿੱਚ ਵੀ ਪਾਓ
ਕੁੱਝ ਖੁਸ਼ੀਆਂ ਕੁੱਝ ਹਾਸੇ
ਰੱਬ ਜੀ,
ਹੁਣ ਨਾ ਮੋੜੀਂ ਆਪਣੇ ਦਰ ਤੋਂ
ਸਾਨੂੰ ਖਾਲੀ ਕਾਸੇ

+ (15-6-1990)

ਰੂਹ ਦੀ ਪੀੜਾ

ਜ਼ਿੰਦਗੀ ਦੇ ਸਫਰ ਵਿੱਚ ਅਨੇਕਾਂ ਮਿਲੇ
ਮਿੱਤਰ ਵੀ ਮਿਲੇ, ਮਹਿਰਮ ਵੀ ਮਿਲੇ
ਕਈ ਮਿੱਲ ਕੇ ਵਿੱਛੜੇ, ਕਈ ਵਿੱਛੜੇ ਮਿਲੇ
ਰੂਹ ਦੀ ਪੀੜਾ ਮੇਰੀ ਪਰ ਕਿਸੇ ਨਾ ਪੜ੍ਹੀ

ਮੈਂ ਤੜਫਦਾ ਰਿਹਾ, ਕੁਰਲਾਉਂਦਾ ਰਿਹਾ
ਜ਼ਖਮ ਆਪਣੇ ਮੈਂ ਆਪੇ ਸਹਿਲਾਉਂਦਾ ਰਿਹਾ
ਮੇਰੇ ਜ਼ਖਮਾਂ ਤੇ ਮਰਹਮ ਕਿਸੇ ਨਾ ਧਰੀ
ਧਾਰੋ ਹਿੱਸੇ ਅਸਾਡੇ ਆਈ ਪੀੜਾ ਬੜੀ

ਜੱਦ ਵੀ ਹਰਿਆ ਕਿਸੇ ਨੇ, ਸਾਨੂੰ ਹੀ ਹਰਿਆ
ਸਾਡੀ ਪੀੜਾ ਕਦੇ ਵੀ ਕਿਸੇ ਨਾ ਹਰੀ
ਭਾਵੇਂ ਦਿੱਤੇ ਕਿਸੇ ਵੀ, ਆਪਣੇ ਜ਼ਖਮ ਸਨ
ਸਾਡੀ ਸੀ ਪੀੜਾ ਅਸੀਂ ਆਪੇ ਜਰੀ

ਜ਼ਿੰਦਗੀ ਦੇ ਸਫਰ ਵਿੱਚ ਅਨੇਕਾਂ ਮਿਲੇ
ਮਿੱਤਰ ਵੀ ਮਿਲੇ, ਮਹਿਰਮ ਵੀ ਮਿਲੇ
ਕਈ ਮਿੱਲ ਕੇ ਵਿੱਛੜੇ, ਕਈ ਵਿੱਛੜੇ ਮਿਲੇ
ਰੂਹ ਦੀ ਪੀੜਾ ਮੇਰੀ ਪਰ ਕਿਸੇ ਨਾ ਪੜ੍ਹੀ

+

(19-6-1990)

ਦਰਦ ਦੀ ਦਲਦਲ

ਸਾਡੇ ਹਿੱਸੇ ਆਇਆ ਹੈ ਸੱਜਣੀ
ਦਰਦ ਸਾਰੇ ਚੁੱਪ ਕਰ ਕੇ ਸਹਿਣਾ
ਆਪਣੇ ਤੱਕ ਆਪਣੀ ਪੀੜ ਰੱਖਣਾ
ਉਫ ਨਾ ਕਰਨਾ, ਕੁੱਛ ਨਾ ਕਹਿਣਾ
ਆਪਣੇ ਹਿੱਸੇ ਦੇ ਹਾਸੇ ਵੰਡਣਾ
ਉਹਨਾਂ ਦੇ ਹਿੱਸੇ ਦੇ ਦਰਦ ਲੈਣਾ
ਲੁੱਸ ਰਿਹਾ ਭਾਵੇਂ ਅੰਦਰ ਹੋਵੇ
ਦਿਖਾਵੇ ਲਈ ਫਿਰ ਵੀ ਖੁਸ਼ ਰਹਿਣਾ
ਆਪਣੀਆਂ ਖਾਹਸ਼ਾਂ ਦੀ ਸੰਘੀ ਨੱਪ ਕੇ
ਆਪਣਿਆਂ ਦੀ ਖੁਸ਼ੀ ਲਈ ਜੀਣਾ
ਅਮ੍ਰਿਤ ਮਿਲੇ ਤਾਂ ਸੱਭ ਬਰਾਬਰ
ਜ਼ਹਿਰ ਮਿਲੇ ਤਾਂ ਖੁੱਦ ਹੀ ਪੀਣਾ
ਇਹੀ ਕੁੱਝ ਸਾਡੇ ਹਿੱਸੇ ਆਇਐ
ਹਿੱਸੇ ਆਇਆ ਅਸਾਂ ਗੱਲ ਲਗਾਇਐ
ਦਰਦ ਦੀ ਇਸੇ ਦਲਦਲ 'ਚ ਸੱਜਣੀ
ਅਸਾਂ ਪਿਆਰ ਆਪਣੇ ਦਾ ਫੁੱਲ ਖਿੜਾਇਐ

ਸਾਡੇ ਹਿੱਸੇ ਆਇਆ ਹੈ ਸੱਜਣੀ
ਦਰਦ ਸਾਰੇ ਚੁੱਪ ਕਰ ਕੇ ਸਹਿਣਾ
ਆਪਣੇ ਤੱਕ ਆਪਣੀ ਪੀੜ ਰੱਖਣਾ
ਉਫ ਨਾ ਕਰਨਾ, ਕੁੱਛ ਨਾ ਕਹਿਣਾ

+

(16-7-1990)

ਤੇਰੇ ਬਿਨਾ ....

ਤੇਰੇ ਬਿਨਾ ਇਹ ਮੌਸਮ ਦੀ
ਦਿੱਲਕਸ਼ੀ ਵੀ ਬੇਰੱਸੀ
ਤੇਰੇ ਬਿਨਾ ਇਹ ਪੌਣਾ ਦੀ
ਠੰਡਕ ਵੀ ਲੂਅ ਲਗੇ
ਤੇਰੇ ਸਾਥ ਵਿੱਚ ਤਾਂ
ਪਤਝੜ ਵੀ ਬਹਾਰ ਜਾਪਦੀ
ਮਸਿਆ ਬਣੇ ਪੁੰਨਿਆਂ
ਜੱਦ ਤੇਰੇ ਪਿਆਰ ਦਾ ਦੀਪਕ ਜਗੇ

ਸਭ ਮੌਸਮਾਂ ਦੇ ਅਰਥ
ਸੱਜਣੀ ਤੇਰੇ ਨਾਲ ਹਨ
ਤੂੰ ਹੈਂ, ਤਾਂ ਸਾਵਣ, ਸਾਵਣ ਹੈ
ਤੇਰੇ ਬਿਨ ਇਹ ਕੁੱਝ ਨਹੀਂ
ਸਾਵਣ ਦੇ, ਹਾੜ ਦੇ,
ਪੱਤਝੜ ਦੇ, ਬਹਾਰ ਦੇ
ਤੂੰ ਕੁੱਝ ਵੀ ਦੇ ਰੱਬਾ
ਪਰ ਨਾਲ ਉਸ ਦਾ ਪਿਆਰ ਦੇ

ਤੇਰੇ ਬਿਨਾ ਇਹ ਮੌਸਮ ਦੀ
ਦਿੱਲਕਸ਼ੀ ਵੀ ਬੇਰੱਸੀ

\+

(18-7-1990)

ਠਹਿਰ ਜਾ ਕਾਲੀ ਘਟਾ

ਠਹਿਰ ਜਾ ਕਾਲੀ ਘਟਾ
ਸੱਜਣਾਂ ਨੂੰ ਆਣ ਦੇ
ਇਸ ਮਹਿਕਦੇ ਮੌਸਮ ਵਿੱਚ
ਆਪਾ ਮਹਿਕਾਉਣ ਦੇ

ਤੇਰੀ ਠੰਡੀ ਠੰਡੀ ਛਾਂ ਵਿੱਚ
ਕੁੱਝ ਪਿਆਰ ਕਰ ਲਈਏ
ਵਿਛੋੜੇ ਦੇ ਲੂਹੇ ਹਿਰਦੇ ਤੇ
ਪਿਆਰ ਦੇ ਪਲਾਂ ਦੀ
ਕੁੱਝ ਧਰਵਾਸ ਧਰ ਲਈਏ

ਸਾਡੇ ਨਸੀਬਾਂ ਵਿੱਚ
ਖੁਸ਼ੀ ਇਹ ਕਦ ਕਦ ਆਣੀ ਹੈ
ਪਿਆਰ ਦੀ ਇਹ ਖੁਸ਼ੀ
ਅਸਾਂ ਕਦੇ ਵਿਰਲੀ ਮਾਣੀ ਹੈ
ਅੱਜ ਤੂੰ, ਮੈਂ, ਤੇ ਪਿਆਰ ਮੇਰਾ
ਸੱਭ ਇੱਕੋ ਸ਼ਹਿਰ 'ਚ ਹਾਂ
ਪਿਆਰ ਮੇਰਾ ਆ ਲਵੇ
ਫਿਰ ਕੱਠੇ ਹੋ ਜਾਈਏ
ਕੱਠੇ ਹੋ ਕੇ ਮੌਸਮ ਦੀਆਂ
ਝੱਟ ਖੁਸ਼ੀਆਂ ਮਨਾਈਏ
ਮੌਸਮ ਦੀਆਂ ਖੁਸ਼ੀਆਂ ਮਨਾਈਏ
ਆਪਾ ਮਹਿਕਾਈਏ
ਠਹਿਰ ਜਾ ਕਾਲੀ ਘਟਾ
ਸੱਜਣਾਂ ਨੂੰ ਆਣ ਦੇ

\+

(18-7-1990)

ਦੋ ਉਮਰਾਂ

ਤੇਰੀਆਂ ਮਾਸੂਮ ਜ਼ਿਦਾਂ
ਤੇ ਕਦੇ ਆਪਣੀ ਉਮਰ ਤੋਂ ਵੱਡੀਆਂ ਗੱਲਾਂ
ਇੰਝ ਲੱਗਦਾ ਹੈ ਕਿ ਤੂੰ ਇੱਕ ਉਮਰ ਵਿੱਚ
ਦੋ ਉਮਰਾਂ ਹੰਢਾ ਰਹੀ ਹੈਂ
ਅਤੇ ਵਰ੍ਹਿਆਂ ਦੀ ਬਜਾਏ
ਦਿਨਾਂ 'ਚ ਵੱਡੀ ਹੁੰਦੀ ਜਾ ਰਹੀ ਹੈਂ

ਮੇਰੇ ਹਿੱਸੇ 'ਚੋਂ
ਤੇਰੇ ਹਿੱਸੇ ਆਏ ਸੰਘਰਸ਼ ਨੇ
ਤੈਨੂੰ ਬਚਪਨ ਵਿੱਚ ਵੀ ਬੱਚਾ ਨਹੀਂ ਰਹਿਣ ਦਿੱਤਾ
ਤੇ ਬਹੁਤੀ ਦੇਰ ਰੋਟੀ ਨੂੰ "ਚੋਚੀ" ਨਹੀਂ ਕਹਿਣ ਦਿੱਤਾ
ਗੁੱਡੀਆਂ ਪਟੋਲੇ ਖੇਡਣ ਨਹੀਂ ਦਿੱਤਾ
ਗੁੱਡੀਆਂ, ਗੁਡਿਆਂ ਦੇ ਵਿਆਹ ਰਚਾਉਣ ਨਹੀਂ ਦਿੱਤਾ
ਤੇ ਸਿੱਲ੍ਹੀ ਰੇਤਾ 'ਚ ਪੈਰ ਦੇ ਕੇ
ਰੇਤ ਦੇ ਘਰ ਬਣਾਉਣ ਨਹੀਂ ਦਿੱਤਾ

ਖਾਕੀ ਵਰਦੀ ਵਾਲਿਆਂ ਨਾਲ ਤੇਰਾ ਵਾਹ
ਮਾਂ ਦੀ ਝੋਲੀ ਵਿੱਚ ਬੈਠਿਆਂ ਹੀ ਪੈ ਗਿਆ ਸੀ
ਅਤੇ ਸੰਗੀਨਾਂ ਲੱਗੀਆਂ ਬੰਦੂਕਾਂ ਪ੍ਰਤੀ ਓਪਰਾਪਨ
ਤੁਰਨਾ ਸਿੱਖਣ ਤੋਂ ਪਹਿਲਾਂ ਹੀ ਲਹਿ ਗਿਆ ਸੀ
ਤੂ ਬੋਲਣਾ ਸਿਖਆ
ਤਾਂ "ਪੁੱਛ ਗਿੱਛ" ਵਾਲਿਆਂ ਨਾਲ ਵਾਹ ਪੈਣ ਲੱਗਾ
ਤੂ ਸਕੂਲ ਜਾਣ ਜੋਗੀ ਹੋਈ
ਤਾਂ ਕੋਈ "ਬਿਨ ਵਰਦੀ" ਅੱਗੇ ਪਿੱਛੇ ਰਹਿਣ ਲੱਗਾ
ਤੂੰ ਕਈ 'ਚਾਚਿਆਂ" ਨੂੰ
ਜੇਲ੍ਹ ਜਾਂਦੇ ਤੇ ਜੇਲ੍ਹੋਂ ਆਂਦੇ ਵੇਖਿਆ
ਤੂੰ ਕਈ 'ਚਾਚਿਆਂ" ਨੂੰ
ਸ਼ਹੀਦੀਆਂ ਪਾਂਦੇ ਵੇਖਿਆ

ਤੂੰ ਕਈ ਘਰਾਂ ਵਿੱਚ ਵੈਣ ਪੈਂਦੇ ਵੇਖੇ
ਤੂੰ ਕਈ ਘਰਾਂ ਵਿੱਚ ਭੋਗ ਪੈਂਦੇ ਵੇਖੇ
ਤੂੰ ਕਈਆਂ ਨੂੰ ਪਿੱਛੇ ਪਰਤਦਿਆਂ ਦੇਖਿਆ
ਤੇ ਕਈ ਜੂਝਣ ਦੇ ਪ੍ਰਣ ਲੈਂਦੇ ਦੇਖੇ

ਤੂੰ ਹਿੰਦੁਸਤਾਨ ਦੀਆਂ ਜੇਲ੍ਹਾਂ ਦੇਖੀਆਂ
ਤੇ ਹੁਣ ਪਾਕਿਸਤਾਨ ਦੀ ਜੇਲ੍ਹ ਦੇਖ ਰਹੀ ਹੈਂ
ਤੇ ਇਸੇ ਤਰ੍ਹਾਂ ਜੇਲਾਂ ਦੇ ਚੱਕਰ ਲਾਂਦੇ ਲਾਂਦੇ
ਕਿੰਨੀ ਵੱਡੀ ਹੋ ਗਈ ਹੈਂ,ਕਿੰਨੀ ਵੱਡੀ ਹੋ ਗਈ ਹੈਂ

ਤੇਰੀਆਂ ਮਾਸੂਮ ਜ਼ਿੱਦਾਂ
ਤੇ ਕਦੇ ਆਪਣੀ ਉਮਰ ਤੋਂ ਵੱਡੀਆਂ ਗੱਲਾਂ
ਇੰਝ ਲੱਗਦਾ ਹੈ ਕਿ ਤੂੰ ਇੱਕ ਉਮਰ ਵਿੱਚ
ਦੋ ਉਮਰਾਂ ਹੰਢਾ ਰਹੀ ਹੈਂ
ਅਤੇ ਵਰ੍ਹਿਆਂ ਦੀ ਬਜਾਏ
ਦਿਨਾਂ 'ਚ ਵੱਡੀ ਹੁੰਦੀ ਜਾ ਰਹੀ ਹੈਂ

+

(1-8-1990)

ਸੱਜਣੀ ਦੇ ਨਾਮ

ਕੁਦਰਤ ਦੇ ਖ਼ਜ਼ਾਨੇ 'ਚੋਂ
ਇਸ ਸਾਰੇ ਜ਼ਮਾਨੇ 'ਚੋਂ
ਚਾਹਾਂ ਚੁਣ ਚੁਣ ਕੇ ਖੁਸ਼ੀਆਂ
ਤੇਰੀ ਝੋਲੀ ਮੈਂ ਭਰ ਦੇਵਾਂ
ਸਾਰੇ ਦੁੱਖਾਂ ਕਲੇਸ਼ਾਂ ਲਈ
ਅੱਜ ਲਈ ਨਹੀਂ, ਹਮੇਸ਼ਾਂ ਲਈ
ਤੇਰੇ ਵੱਲ ਖੁੱਲ੍ਹਣ ਵਾਲੇ ਬੂਹੇ
ਸੱਜਣੀ ਬੰਦ ਕਰ ਦੇਵਾਂ

ਤੇਰੇ ਵੱਲ ਝਾਕ ਨਾ ਸੱਕੇ
ਕਦੇ ਵੀ ਕੋਈ ਬੁਰੀ ਨਜ਼ਰ
ਤੇਰਾ ਪੱਲੂ ਨਾ ਛੂਹ ਸਕੇ
ਕਦੇ ਵੀ ਕੋਈ ਗਰਮ ਹਵਾ
ਮੇਰੇ ਹਰ ਰੋਮ 'ਚੋਂ ਨਿਕਲੇ
ਮੇਰੇ ਹਰ ਸਾਹ 'ਚੋਂ ਨਿਕਲੇ
ਮੇਰੀ ਸਜਣੀ, ਮੇਰੀ ਪਿਆਰੀ
ਇਹੀ ਦੁਆ, ਇਹੀ ਦੁਆ

+

(9-2- 1992)

ਸ਼ੁੱਕਰੀਆ

ਸ਼ੁੱਕਰੀਆ
ਮੇਰੇ ਮਿੱਤਰ ਸ਼ੁਕਰੀਆ
ਤੇਰੇ ਸਾਥ ਦੇ ਹਰ ਪੱਲ ਲਈ
ਪਿਆਰ ਭਰੀ ਹਰ ਗੱਲ ਲਈ
ਹਰ ਮੁਸਕਰਾਹਟ ਲਈ
ਹਰ ਅਪਣੱਤ ਲਈ
ਪਿਆਰ ਭਰੇ ਹਰ ਖੱਤ ਲਈ
ਸ਼ੁੱਕਰੀਆ
ਮੇਰੇ ਮਿੱਤਰਾ ਸ਼ੁੱਕਰੀਆ
ਤੂੰ ਅੱਜ ਜੱਦ ਪਿਆਰ ਦੀਆਂ
ਕਈ ਤੰਦਾਂ ਵੱਢ ਕੇ ਜਾ ਰਿਹਾ ਹੈਂ
ਕਈ ਕੋੜੀਆਂ ਮਿੱਠੀਆਂ ਯਾਦਾਂ
ਛੱਡ ਕੇ ਜਾ ਰਿਹਾ ਹੈਂ
ਮੈਂ ਤੇਰੇ ਨਾਲ ਕੋਈ ਗਿਲਾ ਨਹੀਂ ਕਰਾਂਗਾ
ਤੇ ਨਾ ਹੀ ਤੇਰੀ ਮਿੱਤਰਤਾਈ ਤੇ
ਕੋਈ ਇਲਜ਼ਾਮ ਧਰਾਂਗਾ

ਮੈਂ ਚਾਹ ਕੇ
ਕਦੇ ਦਿੱਲ ਨਹੀਂ ਦੁਖਾਇਆ ਕਿਸੇ ਦਾ
ਚੰਗਾ ਕੀਤਾ ਨਹੀਂ
ਕਦੇ ਵੀ ਭੁਲਾਇਆ ਕਿਸੇ ਦਾ
ਇਹ ਤੇਰੀ ਸੋਚ ਹੈ
ਤੂੰ ਛੱਡ ਕੇ ਜਾ ਰਿਹਾ ਹੈਂ
ਇਹ ਮੇਰੀ ਸੋਚ ਹੈ
ਮੈਂ ਤੇਰੀ ਖੈਰ ਮੰਗਦਾਂ
ਤੈਨੂੰ ਤੇਰੀ ਖੁਸ਼ੀ ਮੁਬਾਰਕ ਮਿੱਤਰਾ
ਤੂੰ ਛੱਡ, ਮੈਂ ਪੀੜ ਦੇ ਇਸ ਮਾਰੂਥੱਲ 'ਚੋਂ ਕਿੰਦਾਂ ਲੰਘਦਾਂ
ਮੈਨੂੰ ਤਾਂ ਮੇਰੇ ਵੀਰ
ਚੋਟਾਂ ਖਾਣ ਦੀ ਆਦਤ ਜਿਹੀ ਹੀ ਹੋ ਗਈ ਹੈ

ਇਹ ਚੋਟ ਵੀ
ਮੈਂ ਔਖੇ ਸੌਖੇ ਜੱਰ ਲਵਾਂਗਾ
ਇਹ ਪੀੜ ਵੀ
ਮੈਂ ਹੌਲੀ ਹੌਲੀ ਪੀ ਲਵਾਂਗਾ
ਜ਼ਖਮਾਂ ਨਾਲ ਜੀਣ ਦਾ ਆਦੀ ਹਾਂ ਮਿੱਤਰਾ
ਨਵੇਂ ਇਸ ਜ਼ਖਮ ਪਿੱਛੋਂ ਵੀ
ਮੈਂ ਮਿੱਤਰਾ ਜੀਅ ਲਵਾਂਗਾ

ਸ਼ੁੱਕਰੀਆ
ਮੇਰੇ ਮਿੱਤਰ ਸ਼ੁਕਰੀਆ
ਤੇਰੇ ਸਾਥ ਦੇ ਹਰ ਪੱਲ ਲਈ
ਪਿਆਰ ਭਰੀ ਹਰ ਗੱਲ ਲਈ
ਹਰ ਮੁਸਕਰਾਹਟ ਲਈ
ਹਰ ਅਪਣੱਤ ਲਈ
ਪਿਆਰ ਭਰੇ ਹਰ ਖ਼ਤ ਲਈ

+

(4-3-1992)

ਠੰਡੀ ਮਿੱਠੀ ਛਾਂ ਵਾਲੀ

ਠੰਡੀ ਮਿੱਠੀ ਛਾਂ ਵਾਲੀ
ਤੁਰ ਗਈ ਮਾਂ
ਤੁਰ ਗਈ ਮਾਂ
ਜਿਦ੍ਹੀ ਠੰਡੀ ਮਿੱਠੀ ਛਾਂ ਵਾਲੀ
ਰਿਹਾ ਤਾਲੇ ਪਿੱਛੇ ਬੰਦ
ਉਹਦਾ ਮੁੱਕ ਗਿਆ ਪੰਧ
ਛੱਡ ਤੁਰ ਗਈ ਅਗਲੇ ਜਹਾਂ
ਠੰਡੀ ਮਿੱਠੀ ਛਾਂ ਵਾਲੀ
ਤੁਰ ਗਈ ਮਾਂ
ਉਹਦੇ ਦਿੱਲ ਦੀਆਂ
ਉਹਦੇ ਨਾਲ ਮੁੱਕ ਗਈਆਂ
ਮੇਰੇ ਰੋਸੇ, ਮੇਰੀਆਂ ਚਾਹਾਂ
ਮੇਰੇ ਦਿੱਲ ਵਿੱਚ ਰਹੀਆਂ
ਕਿਦ੍ਹੇ ਗੱਲ ਲੱਗ ਰੋਵਾਂ
ਕਿਹਨੂੰ ਦੁੱਖੜੇ ਸੁਣਾਂ
ਠੰਡੀ ਮਿੱਠੀ ਛਾਂ ਵਾਲੀ
ਤੁਰ ਗਈ ਮਾਂ
ਤੇਰੇ ਪਿੱਛੋਂ ਮੇਰੀ ਮਾਏ
ਸਾਰੇ ਹੋ ਗਏ ਪਰਾਏ
ਨਾ ਕੋਈ ਭੈਣ ਨਾ ਭਰਾ
ਸਭਨਾ ਦਿੱਤਾ ਨੀ ਭੁਲਾ
ਨਾ ਕੋਈ ਹਾਲ ਚਾਲ ਪੁੱਛੇ
ਨਾ ਕੋਈ ਚਿੱਠੀ ਹੁਣ ਪਾਵੇ

ਨਾ ਦਿਲਾਸਾ ਕੋਈ ਦੇਵੇ
ਨਾ ਕੋਈ ਦੁੱਖੜੇ ਵੰਡਾਵੇ
ਕਿਹਨੂੰ ਚਿੱਠੀ ਮਾਏ ਪਾਂ
ਕਿਹਦੀ ਚਿੱਠੀ ਨੂੰ ਉਡੀਕਾਂ
ਤੇਰੇ ਬਾਝੋਂ ਉਸ ਘਰ
ਮੈਨੂੰ ਦਿਸਦਾ ਕੋਈ ਨਾ
ਠੰਡੀ ਮਿੱਠੀ ਛਾਂ ਵਾਲੀ
ਤੁਰ ਗਈ ਮਾਂ
ਤੁਰ ਗਈ ਮਾਂ
ਜਿਦ੍ਹੀ ਠੰਡੀ ਮਿੱਠੀ ਛਾਂ ਵਾਲੀ

+ (8-3-1992)

ਸੱਜਣ ਜੀ ਤੁਸੀਂ ਆਏ

ਸੱਜਣ ਜੀ ਤੁਸੀਂ ਆਏ
ਮਹਿਕ ਖਿਲਾਰੀ, ਠੰਡ ਵਰਤਾਈ
ਰੱਬੀ ਮੇਹਰ ਦੇ ਵਾਂਗ ਵਰ੍ਹੇ
ਸਾਡੇ ਲੂੰ ਲੂੰ ਵਿੱਚ ਠੰਡ ਪਾਈ

ਲਾਵੇ ਨਾਲ ਭਰੇ ਪਰਬਤ ਸਾਂ
ਫੱਟ ਜਾਣ ਤੇ ਆਏ
ਛੋਹ ਤੁਹਾਡੀ ਮਿਲੀ ਅਸਾਨੂੰ
ਅਸਾਂ ਚਾਨਣ ਰੂਪ ਵਟਾਏ

ਪੀੜ ਦੇ ਮਾਰੂਥੱਲ ਵਿੱਚ ਸੱਜਣਾ
ਭਟਕ ਰਹੇ ਸਾਂ ਪਿਆਸੇ
ਛੱਡ ਗਈਆਂ ਸਨ ਖੁਸ਼ੀਆਂ ਸਾਨੂੰ
ਰੁੱਸ ਗਏ ਸਨ ਹਾਸੇ

ਸੱਜਣ ਜੀ ਤੁਸੀਂ ਆਏ
ਖੁਸ਼ੀਆਂ ਨਾਲ ਨਾਲ ਹੀ ਆਈਆਂ
ਰੂਹ ਖਿੜੀ ਤੇ ਪਿਆਸ ਬੁਝੀ
ਸਾਡੇ ਨੈਣਾਂ ਝੜੀਆਂ ਲਾਈਆਂ

ਟਾਹਣੀਓਂ ਟੁੱਟੇ ਫੁੱਲ ਦੇ ਵਾਂਗੂ
ਰੁੱਲ ਰਹੇ ਸਾਂ ਕੁਮਲਾਏ
ਸੋਚ ਰਹੇ ਸਾਂ ਗੁਮ ਸੁਮ ਹੋਏ
ਇਹ ਦਿਨ ਕੈਸੇ ਆਏ

ਸੱਜਣ ਜੀ ਤੁਸੀਂ ਆਏ
ਤੁਹਾਡੇ ਨਾਲ ਬਹਾਰਾਂ ਆਈਆਂ
ਸੱਜਣਾ ਤੁਸਾਂ ਉਦਾਸੀਆਂ ਸਾਡੀਆਂ
ਤਾੜੀ ਮਾਰ ਉਡਾਈਆਂ
ਸੱਜਣ ਜੀ ਤੁਸੀਂ ਆਏ
ਮਹਿਕ ਖਿਲਾਰੀ, ਠੰਡ ਵਰਤਾਈ
ਰੱਬੀ ਮੇਹਰ ਦੇ ਵਾਂਗ ਵਰ੍ਹੇ
ਸਾਡੇ ਲੂੰ ਲੂੰ ਵਿੱਚ ਠੰਡ ਪਾਈ

+

(10-3-1992)

ਇੱਕ ਖ਼ੱਤ

ਦਰਵੇਸ਼ ਸ਼ਾਇਰ ਤੇਰਾ ਪਿਆਰ ਮਿਲਿਆ
ਤੇ ਤੇਰੇ ਪਿਆਰ ਚੋਂ ਤੇਰਾ ਦੀਦਾਰ ਕੀਤਾ
ਖ਼ੁਸ਼ੀ 'ਚ ਮੇਰਾ ਲੂੰ ਲੂੰ ਖਿੜਿਆ
ਤੇ ਸ਼ੁੱਕਰੀਏ ਲਈ ਅੱਖ 'ਚੋਂ ਹੰਝੂ ਕਿਰਿਆ
ਤੇਰੇ ਵੱਲ ਮੂੰਹ ਕਰ ਅਸਾਂ ਫਤਿਹ ਬੁਲਾਈ
ਤੇ ਥੋੜਾ ਸਿਰ ਝੁਕਾ ਸਤਿਕਾਰ ਕੀਤਾ
ਸ਼ਾਇਰ ਹੈਂ ਵੱਡਾ, ਤੇ ਵੱਡਾ ਵੀਰ ਵੀ ਹੈਂ
ਮਹਿਬੂਬ ਹੈਂ, ਕੁਲਵੰਤ ਹੈਂ, ਤੇ ਹੀਰ ਵੀ ਹੈਂ
ਗ਼ਾਇਬਾਨਾਂ ਹੈ ਭਾਵੇਂ ਮਿੱਤਰਤਾ ਸਾਡੀ
ਸਾਂਝ ਜਜ਼ਬਿਆਂ ਦੀ ਐਪਰ ਗੂੜ੍ਹੀ ਹੈ
ਮੈਂ ਜਿਸ ਕਲਮੀ ਕਾਫਲੇ ਦਾ ਫਰਦ ਹਾਂ
ਤੂੰ ਉਸ ਕਾਫਲੇ ਦਾ ਲੁਕਿਆ ਮੀਰ ਵੀ ਹੈਂ
ਜਦੋਂ ਤੂੰ ਕਲਗ਼ੀ ਵਾਲੇ ਨੂੰ ਬਹੁੜੀ ਕਰਨ ਲਈ
ਅਰਜ਼ੋਈਆਂ ਕੀਤੀਆਂ ਤੇ ਵਾਜਾਂ ਮਾਰੀਆਂ ਸਨ
ਮੈਂ ਉਦੋਂ ਪਹਿਲੀ ਵਾਰੀ ਮਹਿਸੂਸਿਆ ਸੀ
ਕਿ ਤੇਰੇ ਲਫ਼ਜ਼ਾਂ 'ਚੋਂ ਮੈਨੂੰ ਆਪਣਾ ਆਪ ਲੱਭਦੈ
ਅਸੀਂ ਖੁਸ਼ਕਿਸਮੱਤ ਹਾਂ ਮਿੱਤਰਾ
ਕਿ ਕੱਲ ਜੋ ਸੁਪਨਾ ਤੇਰਾ ਮੇਰਾ ਸੀ, ਅੱਜ ਸੁਪਨਾ ਸੱਭ ਦੈ
ਪਰ ਸੱਚ ਆਖਾਂ ਵੱਡੇ ਵੀਰ,
ਅੱਜ ਉਹ ਸੁਪਨਾ ਬਿਖਰਿਆ ਬਿਖਰਿਆ ਲੱਗਦੈ

ਇਹ ਠੀਕ ਹੈ ਕਿ ਸੱਭ ਨੂੰ ਕੇਸਰੀ ਤੇ ਮਾਣ ਹੈ
ਇਹ ਵੀ ਠੀਕ ਹੈ ਕਿ ਸੱਭ ਨੂੰ ਦੁਸ਼ਮਣ ਦੀ ਪਹਿਚਾਣ ਹੈ
ਪਰ ਅਸੀਂ ਦੁਸ਼ਮਣ ਤੋਂ ਵੱਧ ਆਪਣੇ ਆਪ ਨੂੰ ਮਾਰਦੇ ਹਾਂ
ਇਹੀ ਕਾਰਨ ਹੈ ਮਿੱਤਰਾ, ਜੰਗ ਜਿੱਤ ਕੇ ਅਕਸਰ ਹਾਰਦੇ ਹਾਂ

ਮੇਰੇ ਵੀਰ, ਕੁੱਝ ਐਸਾ ਲਿੱਖ, ਕੁੱਝ ਐਸਾ ਕਹਿ
ਕਿ ਤੇਰੇ ਇਹਨਾਂ ਛੋਟੇ ਵੀਰਾਂ ਦੀ ਲੜਾਈ ਵਿੱਚ ਵੀ ਪਿਆਰ ਹੋਵੇ
ਤਲਵਾਰ ਦੇ ਵਾਰ ਵਿੱਚ ਵੀ ਖਿੱਚ ਹੋਵੇ, ਹੁਸਨ ਦੀ ਖਿੱਚ ਵਰਗੀ

ਰਹਿਮੱਤ ਵਰ੍ਹੇ ਉਥੇ ਜਿੱਥੇ ਕਿਤੇ ਵੀ ਸਾਡੀ "ਸਰਕਾਰ" ਹੋਵੇ
ਕੁੱਝ ਐਸਾ ਲਿੱਖ, ਕੁੱਝ ਐਸਾ ਕਹਿ
ਕਿ ਮੁੜ ਕਦੇ ਜਿੱਤ ਕੇ ਜੰਗ ਵਿੱਚ ਨਾ ਸਾਨੂੰ ਹਾਰ ਹੋਵੇ

ਹੋਰ ਇੱਥੇ ਸੱਭ ਚੜ੍ਹਦੀ ਕਲਾ ਹੈ
ਬਸ ਆਪਣੇ ਇਸ ਛੋਟੇ ਵੀਰ ਲਈ ਅਰਦਾਸ ਕਰਨੀ
ਜੋ ਆਪਣੇ ਲਫ਼ਜ਼ਾਂ ਵਾਂਗ ਜੀਣ ਦੀ ਕੋਸ਼ਿਸ਼ 'ਚ ਹੈ
ਆਪਣੇ ਲਫ਼ਜ਼ਾਂ ਵਾਂਗ ਹੀ ਮਰ ਸਕੇ
ਕਦੇ ਇੱਤਹਾਸ ਦੇ ਸਾਹਮਣੇ ਨਾ ਸ਼ਰਮਸਾਰ ਹੋਵੇ
ਤੇ ਸੀਸ ਗੁਰੂ ਦੇ ਚਰਨਾ 'ਚ ਮਾਣ ਨਾਲ ਧਰ ਸਕੇ

ਹੁਣ ਇਹ ਖੱਤ ਖਤਮ ਕਰਨ ਦੀ ਇਜਾਜ਼ਤ ਚਾਹਾਂਗਾ
ਬਾਕੀ ਦਿੱਲ ਦਾ ਹਾਲ ਕਦੇ ਫਿਰ ਸੁਣਾਵਾਂਗਾ
ਸਾਰੇ ਆਪਣਿਆਂ ਨੂੰ ਮੇਰੀ ਯਾਦ ਪਹੁੰਚਾਣੀ
ਮੇਰੇ ਵੱਲੋਂ ਹੱਥ ਜੋੜ੍ਹ ਕੇ ਫਤਿਹ ਬੁਲਾਉਣੀ
ਕਹਿਣਾ ਕਦੇ ਕਦੇ ਯਾਦ ਕਰ ਲਿਆ ਕਰਨ
ਇਸ ਪਿਆਰ ਦੇ ਮਾਰੇ ਨੂੰ ਨਾ ਭੁੱਲਣ ਵਿਸਰਣ

ਦਰਵੇਸ਼ ਸ਼ਾਇਰ ਤੇਰਾ ਪਿਆਰ ਮਿਲਿਆ
ਤੇ ਤੇਰੇ ਪਿਆਰ ਚੋਂ ਤੇਰਾ ਦੀਦਾਰ ਕੀਤਾ
ਖ਼ੁਸ਼ੀ 'ਚ ਮੇਰਾ ਲੂੰ ਲੂੰ ਖਿੜਿਆ
ਤੇ ਸ਼ੁੱਕਰੀਏ ਲਈ ਅੱਖ 'ਚੋਂ ਹੰਝੂ ਕਿਰਿਆ
ਤੇਰੇ ਵੱਲ ਮੂੰਹ ਕਰ ਅਸਾਂ ਫਤਿਹ ਬੁਲਾਈ
ਤੇ ਥੋੜਾ ਸਿਰ ਝੁਕਾ ਸਤਿਕਾਰ ਕੀਤਾ

+

(16-3-1992)

ਕਵਿਤਾ

ਕਵਿਤਾ
ਮੇਰੀ ਮਿੱਤਰ
ਮੇਰੀ ਮਹਿਰਮ
ਉਦਾਸ ਹਾਂ, ਤੇਰੇ ਪਿਆਰ ਦੇ ਸਹਾਰੇ ਦੀ ਲੋੜ੍ਹ ਹੈ
ਜਦੋਂ ਦੀ ਦੂਰ ਹੋਈ ਹੈਂ
ਜ਼ਿਦਗੀ ਵਿੱਚ ਕੁੱਝ ਵੀ ਰਿਹਾ ਨਹੀਂ ਲੱਗਦਾ
ਬਸ ਇਕਲਾਪਾ ਹੈ, ਉਦਾਸੀ ਹੈ, ਥੋੜ੍ਹ ਹੈ
ਕਿਨਾਂ ਚੰਗਾ ਸੀ ਉਹ ਵਕਤ
ਜਦੋਂ ਦਿੱਲ ਦਾ ਹਰ ਬੋਝ
ਤੇਰੇ ਨਾਲ ਗੱਲਾਂ ਕਰ ਕੇ ਹਲਕਾ ਕਰ ਲਿਆ ਕਰਦਾ ਸਾਂ
ਹੰਝੂ ਬਹਾਉਣ ਦੀ ਬਜਾਏ
ਉਹਨਾਂ ਦੇ ਘੁੱਟ ਭਰ ਲਿਆ ਕਰਦਾ ਸਾਂ
ਹੁਣ ਤਾਂ ਜੱਦ ਵੀ ਦਿੱਲ ਕਦੇ ਭਾਰਾ ਹੁੰਦਾ ਹੈ
ਦਿੱਲ ਦਾ ਬੋਝ ਵੰਡਾਵਣ ਵਾਲਾ ਕੋਈ ਨਹੀਂ ਹੁੰਦਾ
ਕਈ ਕਈ ਦਿਨ ਤੱਕ ਇਹ ਬੋਝ ਚੁੱਕਣਾ ਪੈਂਦਾ ਹੈ
ਫਿਰ ਕਿਤੇ ਜਾ ਕੇ ਕਿਸੇ ਬਹਾਨੇ ਅੱਖਾਂ ਦੇ ਰਾਹੀਂ ਵਹਿੰਦਾ ਹੈ
ਅੱਜ ਜਦੋਂ ਉਦਾਸੀ ਤੇ ਇਕੱਲ ਸਹੀ ਨਹੀਂ ਜਾ ਰਹੀ
ਸੋਚਿਆ ਤੈਨੂੰ ਹੀ ਵਾਜ ਮਾਰ ਵੇਖਾਂ
ਸ਼ਾਇਦ ਤੂੰ ਮੁੜ ਆਏਂ
ਤੇ ਆ ਕੇ ਗੱਲ ਲੱਗ ਜਾਏਂ
ਕਵਿਤਾ
ਮੇਰੀ ਮਿੱਤਰ
ਮੇਰੀ ਮਹਿਰਮ

+

(7-11-1991)

ਧੀਏ ਨੀ ਧਰੇਕੇ

ਧੀਏ ਨੀ ਧਰੇਕੇ
ਵੱਡੀ ਵੱਡੀ ਹੁੰਦੀ ਜਾਨੀ ਏਂ
ਖੁਸ਼ੀਆਂ ਵੀ ਦੇਨੀ ਏਂ
ਤੇ ਫਿਕਰੀਂ ਵੀ ਪਾਨੀ ਏਂ
ਸੋਹਣੀਏਂ ਸੁਲੱਖੀਏ ਨੀ
ਰੱਬ ਦੀਏ ਰੱਖੀਏ ਨੀ
ਇੱਕ ਪੱਲ ਬੱਚੀ ਲੱਗੇਂ
ਦੂਜੇ ਪੱਲ ਦਾਨੀ ਏਂ
ਧੀਏ ਨੀ ਧਰੇਕੇ
ਵੱਡੀ ਵੱਡੀ ਹੁੰਦੀ ਜਾਨੀ ਏਂ

ਪਾਪਾ ਨੂੰ ਪਿਆਰੀ ਏਂ
ਤੇ ਮਾਂ ਦੀ ਸਹੇਲੀ ਏਂ
ਦੋਹਾਂ ਦੇ ਪਿਆਰ ਦੀ
ਪਿਆਰੀ ਜਿਹੀ ਨਿਸ਼ਾਨੀ ਏਂ
ਮਾਮਿਆਂ ਦੀ ਲਾਡਲੀ
ਤੇ ਨਾਨੀ ਦੀ ਚਹੇਤੀ ਏਂ
ਚਾਚਿਆਂ ਦੀ ਝੋਲੀ ਵਿੱਚ
ਬਹਿ ਕੇ ਰੋਟੀ ਖਾਨੀ ਏਂ
ਧੀਏ ਨੀ ਧਰੇਕੇ
ਵੱਡੀ ਵੱਡੀ ਹੁੰਦੀ ਜਾਨੀ ਏਂ

ਸਭ ਦਾ ਤੂੰ ਦਿੱਲ ਮੋਹੇਂ
ਸਭ ਤੋਂ ਪਿਆਰ ਲਵੇਂ
ਇੱਕ ਵਾਰ ਮਿਲੇ ਜਿਹੜਾ
ਆਪਣਾ ਬਣਾਨੀ ਏਂ
ਸੱਚੀ ਤੇਰੀ ਸੋਚ ਏ
ਤੇ ਸੁੱਚੇ ਤੇਰੇ ਬੋਲ ਹੁੰਦੇ
ਜਿੱਥੇ ਕਿਤੇ ਬੈਠੇਂ

ਉਹੀਓ ਥਾਂ ਮਹਿਕਾਨੀ ਏਂ
ਧੀਏ ਨੀ ਧਰੇਕੇ
ਵੱਡੀ ਵੱਡੀ ਹੁੰਦੀ ਜਾਨੀ ਏਂ

ਪਾਪਾ ਦੀ ਤੂੰ ਖੁਸ਼ੀ ਏਂ
ਪਾਪਾ ਦੀ ਤੂੰ ਜਾਨ ਏਂ
ਹੱਸੇਂ ਤੇ ਹੱਸਾਨੀ ਏਂ
ਰੁੱਸੇਂ ਤੇ ਰਵਾਨੀ ਏਂ
ਰੱਜ ਰੱਜ ਪੜ੍ਹੇਂ ਲਿਖੇਂ
ਸਿੱਖੀ ਨਾਲ ਪਿਆਰ ਸਿੱਖੇਂ
ਬੁਲੰਦੀਆਂ ਨੂੰ ਛੋਹੇਂ
ਮਾਂ ਦੀਏ ਦਿੱਲਜਾਨੀਏਂ
ਧੀਏ ਨੀ ਧਰੇਕੇ
ਵੱਡੀ ਵੱਡੀ ਹੁੰਦੀ ਜਾਨੀ ਏਂ

ਸੁੱਖ ਤੇਰੇ ਰੱਬ ਕੋਲੋਂ
ਪੱਲ ਪੱਲ ਮੰਗਦਾਂ
ਉਸੇ ਦੀ ਤੂੰ ਬਖ਼ਸ਼ਿਸ਼ ਏਂ
ਮੇਹਰ ਏਂ, ਮੇਹਰਬਾਨੀ ਏਂ
ਧੀਏ ਨੀ ਧਰੇਕੇ
ਵੱਡੀ ਵੱਡੀ ਹੁੰਦੀ ਜਾਨੀ ਏਂ
ਖੁਸ਼ੀਆਂ ਵੀ ਦੇਨੀ ਏਂ
ਤੇ ਫਿਕਰੀਂ ਵੀ ਪਾਨੀ ਏਂ

\+

(27-3-1992)

ਨਵੇਂ ਨਕੋਰ ਪਿੱਪਲ ਦਿਆ ਪਤਿਆ

ਨਵੇਂ ਨਕੋਰ ਪਿੱਪਲ ਦਿਆ ਪਤਿਆ
ਕਿੱਢ ਸੋਹਣਾ ਰੂਪ ਹੈ ਤੇਰਾ
ਹੋਰ ਵੀ ਸੋਹਣਾ ਲੱਗਸੇਂ
ਜੇ ਤੂੰ ਦੁੱਖੜਾ ਸੁਣ ਲਏਂ ਮੇਰਾ

ਨਵੇਂ ਨਕੋਰ ਪਿੱਪਲ ਦਿਆ ਪਤਿਆ
ਆ ਜਾ ਕਰ ਲੈ ਯਾਰੀ
ਇੱਕ ਦੁੱਖ ਵੰਡਾਵਣ ਵਾਲੇ ਦੀ
ਅੱਜ ਲੋੜ ਭਾਸ ਰਹੀ ਭਾਰੀ

ਨਾ ਰੂਪ ਨਾ ਰੰਗ ਸਾਡੇ ਕੋਲ
ਨਾ ਮਿੱਤਰਾ ਖੁਸ਼ਬੋਆਂ
ਲੱਕੜ ਹਾਂ, ਨਾਲੇ ਗਿੱਲੀ ਧੁੱਖਦੀ
ਨਿਕਲਣ ਆਹਾਂ ਬਣ ਧੂਆਂ

ਜੱਗ ਦਾ ਇਹ ਦਸਤੂਰ ਹੈ ਮਿੱਤਰਾ
ਪੱਤਝੜ ਬਾਦ ਬਹਾਰਾਂ
ਸਾਡੇ ਨਾਲ ਹੋਈ ਜੱਗੋਂ ਬਾਹਰੀ
ਸਾਨੂੰ ਰੱਬ ਦੀਆਂ ਮਾਰਾਂ

ਪੱਤ ਨਵੇਂ ਆਉਂਦੇ, ਫੁੱਲ ਵੀ ਖਿੜਦੇ
ਸਾਡੇ ਆਲ ਦੁਆਲੇ
ਸਾਨੂੰ ਤਾਂ ਕਰ ਸੌਂ ਗਏ ਰੱਬ ਜੀ
ਪੱਤਝੜ ਦੇ ਹਵਾਲੇ

ਨਵੇਂ ਨਕੋਰ ਪਿੱਪਲ ਦਿਆ ਪਤਿਆ
ਹਰਿਆਵਲ ਦੇ ਉਧਾਰੀ
ਗੁਣ ਗਾਸਾਂ, ਅਹਿਸਾਨ ਵੀ ਮੰਨਸਾਂ
ਤੇਰੇ ਉਮਰਾ ਸਾਰੀ

ਨਵੇਂ ਨਕੋਰ ਪਿੱਪਲ ਦਿਆ ਪਤਿਆ
ਕਿੱਢ ਸੋਹਣਾ ਰੂਪ ਹੈ ਤੇਰਾ
ਹੋਰ ਵੀ ਸੋਹਣਾ ਲੱਗਸੇਂ
ਜੇ ਤੂੰ ਦੁੱਖੜਾ ਸੁਣ ਲਏਂ ਮੇਰਾ

+

(8-4-1992)

ਗ਼ਜ਼ਲ

ਉਦਾਸੀਆਂ ਦਾ ਮੌਸਮ ਹੈ ਫੇਰ ਪਰਤ ਆਇਆ
ਪੱਤਝੜ ਦੇ ਪਤਿਆਂ ਨੇ ਹੈ ਸ਼ੋਰ ਡਾਢਾ ਪਾਇਆ
ਬਾਹਰ ਵੀ ਟੁੱਟ-ਭੱਜ ਹੈ, ਅੰਦਰ ਵੀ ਹੈ ਤਿੜਕਣ
ਮੌਸਮਾਂ ਚੋਂ ਮੌਸਮ ਯਾਰੋ ਇਹ ਕੇਹਾ ਆਇਆ
ਰਿਸ਼ਤੇ ਵੀ ਝੂਠੇ ਝੂਠੇ, ਮਿੱਤਰ, ਅਮਿੱਤਰ ਲੱਗਦੇ
ਆਪਣਾ ਲੱਗੇ ਨਾ ਕੋਈ, ਸਾਰਾ ਜੱਗ ਲੱਗੇ ਪਰਾਇਆ
ਫੁੱਲ ਵੀ ਨੇ ਮਹਿਕ ਵਿਹੂਣੇ, ਰੰਗਾਂ ਤੋਂ ਵੀ ਨੇ ਖਾਲੀ
ਸੱਭ ਖਾਲੀ ਖਾਲੀ ਖਾਲੀ, ਸਾਡੇ ਅੰਦਰੀਂ ਸਮਾਇਆ
ਬਸੰਤ ਫੇਰ ਆਈ, ਤੇ ਫੇਰ ਲੰਘ ਗਈ ਹੈ
ਕਿਸੇ ਰੰਗ ਬਿਰੰਗੇ ਪੱਲ ਨੇ ਸਾਡਾ ਨਾ ਦਰ ਖੜਕਾਇਆ
ਉਦਾਸੀਆਂ ਦਾ ਮੌਸਮ ਹੈ ਫੇਰ ਪਰਤ ਆਇਆ
ਪੱਤਝੜ ਦੇ ਪਤਿਆਂ ਨੇ ਹੈ ਸ਼ੋਰ ਡਾਢਾ ਪਾਇਆ

+

(16-2-1993)

ਕੋਈ ਜੋ ਕਰਦੈ ਉਹਨੂੰ ਕਰਨ ਦੇ

ਕੋਈ ਜੋ ਕਰਦੈ, ਉਹਨੂੰ ਕਰਨ ਦੇ
ਉਹਨੂੰ ਆਪਣਾ ਭਾਂਡਾ ਭਰਨ ਦੇ
ਤੂੰ ਰੋਕ ਨਾ, ਤੂੰ ਕੁੱਝ ਨਾ ਕਹਿ
ਬਸ ਚੁੱਪ ਰਹਿ, ਬਸ ਚੁੱਪ ਰਹਿ
ਦਰ ਦਿੱਲ ਆਪਣੇ ਦਾ ਖੁੱਲਾ ਰੱਖ
ਉਮੀਦ ਦਾ ਦੀਵਾ ਬਾਲੀ ਰੱਖ
ਸੁੱਤਾ ਰਹਿ ਭਾਵੇਂ ਜਾਗਦਾ ਰਹਿ
ਸੁਪਨੇ ਦਾ ਪੰਛੀ ਪਾਲੀ ਰੱਖ
ਇਸ ਰਾਤ ਨੇ ਆਖਿਰ ਮੁੱਕਣਾ ਹੈ
ਇਸ ਨੇਰ੍ਹੇ ਨੇ ਛੱਟ ਜਾਣਾ ਹੈ
ਦੜ੍ਹ ਵੱਟ, ਜ਼ਮਾਨਾ ਕੱਟ ਸੱਜਣਾ
ਇੱਕ ਦਿਨ ਤਾਂ ਭਲੇ ਦਿਨ ਆਣਾ ਹੈ
ਕੋਈ ਜੋ ਕਰਦੈ, ਉਹਨੂੰ ਕਰਨ ਦੇ
ਉਹਨੂੰ ਆਪਣਾ ਭਾਂਡਾ ਭਰਨ ਦੇ

+

(29-7-1993)

ਬੱਦਲ ਬੇਪ੍ਰਵਾਹ ਦੇ ਨਾਮ

ਇੱਕ ਉਡੀਕ ਸਾਨੂੰ ਸੱਜਣਾ ਦੇ ਖ਼ੱਤ ਦੀ
ਇੱਕ ਉਡੀਕ ਸਾਨੂੰ ਤੇਰੀ
ਮੁੜ੍ਹਕੋ ਮੁੜ੍ਹਕੀ ਜਿਸਮ ਹੈ ਹੋਇਆ
ਲੁੱਸ ਲੁੱਸ ਕਰਦੀ ਰੂਹ ਮੇਰੀ
ਨਾ ਖ਼ੱਤ ਆਵੇ, ਨਾ ਤੂੰ ਆਵੇਂ
ਸਾਡੀ ਜਾਨ ਨਿਕਲਦੀ ਜਾਵੇ
ਸੱਜਣ ਰੁੱਸੇ, ਤੂੰ ਵੀ ਰੁਸਿਆ
ਕੌਣ ਸੀਨੇ ਠੰਡ ਪਾਵੇ
ਤੜ੍ਹਪ ਤੜ੍ਹਪ ਕੇ ਦਿਨ ਅਸੀਂ ਕੱਟੀਏ
ਸਹਿਕ ਸਹਿਕ ਕੇ ਰਾਤਾਂ
ਨਾ ਹੀ ਦੇਣ ਦਿਲਾਸਾ ਸ਼ਾਮਾਂ
ਨਾ ਠੰਡ ਪਾਵਣ ਪ੍ਰਭਾਤਾਂ
ਤੂੰ ਤੇ ਸੱਜਣ ਹੀ ਨਹੀਂ ਰੁੱਸੇ
ਰੁਸਿਆ ਲੱਗੇ ਜੱਗ ਸਾਰਾ
ਏਧਰ ਓਧਰ ਸਾੜੇ ਪਾੜੇ
ਕੋਈ ਸਮਾਂ ਜਾਪਦਾ ਭਾਰਾ
ਬੱਦਲਾ ਬੇਪ੍ਰਵਾਹਿਆ ਸੁਣ ਲੈ
ਹੂਕ ਦਿਲੇ ਦੀ ਮੇਰੀ
ਮਿੱਤਰ ਵੀ ਹੈ, ਮਹਿਰਮ ਵੀ ਹੈਂ
ਸਾਨੂੰ ਲੋੜ ਬੜੀ ਅੱਜ ਤੇਰੀ
ਬੜਾ ਸਹਿਕੇ ਹਾਂ, ਬੜਾ ਤੜ੍ਹਪੇ ਹਾਂ
ਹੋਰ ਕਿੰਨਾ ਤੜ੍ਹਪਾਏਂਗਾ
ਕੱਦ ਆਏਂਗਾ, ਕੱਦ ਵਰ੍ਹੇਂਗਾ
ਕੱਦ ਸੀਨੇ ਠੰਡ ਪਾਏਂਗਾ
ਆ, ਨਾਲੇ ਲੈ ਕੇ ਖ਼ੱਤ ਸੱਜਣਾ ਦਾ
ਦੇਹਗੀ ਠੰਡ ਵਰਤਾ ਮਿੱਤਰਾ
ਰੂਹ ਖਿੜ੍ਹੇ, ਮਹਿਕੇ ਜੁੱਸਾ
ਕੁੱਝ ਐਸਾ ਰੰਗ ਵਿਖਾ ਮਿੱਤਰਾ

\+ (9-8-1993)

ਕੀ ਹੋਇਆ ?

ਦਿੱਲ ਜਿਵੇਂ ਬੁਝੇ ਬੁਝੇ ਦੀਵੇ
ਜਜ਼ਬਾਤ ਜਿਵੇਂ ਠਹਿਰੇ ਠਹਿਰੇ ਪਾਣੀ
ਕੀ ਹੋਇਆ ਮਿੱਟੀ ਨੂੰ ਸਾਡੀ ਕੀ ਹੋਇਆ
ਅੱਜ ਦਾ ਸੱਚ, ਅੱਜ ਬਣ ਗਈ ਕਹਾਣੀ
ਅੱਖਾਂ ਜਿਵੇਂ ਜੋਤ ਹੀਣ ਹੋਈਆਂ
ਬੁੱਲ੍ਹ ਜਿਵੇਂ ਹੋਣ ਸੀਤੇ ਸੀਤੇ
ਕੀ ਹੋਇਆ ਲੋਕਾਂ ਨੂੰ ਸਾਡੇ ਕੀ ਹੋਇਆ
ਘੁੱਟ ਨਹੀਂ ਦਰਿਆ ਲਹੂ ਦੇ ਪੀਤੇ
ਬੰਦੇ ਜਿਵੇਂ ਹੋਏ ਸੱਤਹੀਣੇ
ਬਾਹਾਂ ਚੁੱਕ ਨਾ ਸਕਣ ਸ਼ਮਸ਼ੀਰਾਂ
ਕੀ ਹੋਇਆ ਲਹੂ ਨੂੰ ਸਾਡੇ ਕੀ ਹੋਇਆ
ਸ਼ਾਇਦ ਮਰ ਗਈਆਂ ਸਾਡੀਆਂ ਜ਼ਮੀਰਾਂ
ਰੁੱਖ ਜਿਵੇਂ ਗਏ ਨੇ ਸਰਾਪੇ
ਫੁੱਲ ਜਿਵੇਂ ਮਹਿਕਾਂ ਤੋਂ ਖਾਲ੍ਹੀ
ਕੀ ਹੋਇਆ ਪਾਣੀ ਨੂੰ ਸਾਡੇ ਕੀ ਹੋਇਆ
ਰੁੱਸ ਗਿਆ ਬਾਗ਼ ਤੋਂ ਹੀ ਮਾਲੀ
ਦਿੱਲ ਜਿਵੇਂ ਬੁਝੇ ਬੁਝੇ ਦੀਵੇ
ਜਜ਼ਬਾਤ ਜਿਵੇਂ ਠਹਿਰੇ ਠਹਿਰੇ ਪਾਣੀ
ਕੀ ਹੋਇਆ ਮਿੱਟੀ ਨੂੰ ਸਾਡੀ ਕੀ ਹੋਇਆ
ਅੱਜ ਦਾ ਸੱਚ, ਅੱਜ ਬਣ ਗਈ ਕਹਾਣੀ

\+

(9-9-1996)

ਕਿਸ ਨਾਲ ਕਰੀਏ ਗਿਲਾ ?

ਕਿਸ ਨਾਲ ਕਰੀਏ ਗਿਲਾ
ਕਿਦ੍ਹੇ ਨਾਲ ਦੁੱਖ ਵੰਡਾਈਏ
ਕੋਈ ਤਾਂ ਹੋਵੇ ਕੋਲ
ਜਿਹਨੂੰ ਸੁਣੀਏ ਤੇ ਸੁਣਾਈਏ
ਸਾਡੇ ਹਿੱਸੇ ਕਿਓਂ ਨਾ ਲਿਖੀਆਂ
ਰੱਬ ਜੀ ਖੁਸ਼ੀਆਂ ਮਹਿਕਾਂ
ਸਾਡੀ ਝੋਲ੍ਹ 'ਚੋਂ ਡੁੱਲ੍ਹ ਡੁੱਲ੍ਹ ਪੈਵਣ
ਬਸ ਪੀੜਾਂ ਤੇ ਸਹਿਕਾਂ
ਕੀ ਤੇਰਾ ਇਹ ਭੇਦ ਹੈ ਰੱਬਾ
ਕੀ ਤੇਰਾ ਇਨਸਾਫ
ਗਿਲਾ ਮੇਰਾ ਲੱਗੇ ਜੇ ਕੋੜਾ
ਕਰ ਦਈਂ ਰੱਬਾ ਮਾਫ
ਜੰਮੇ ਪੀੜਾਂ, ਪਨਪੇ ਪੀੜਾਂ,
ਪੀੜਾਂ ਸੰਗ ਪ੍ਰਵਾਨ ਚੜ੍ਹੇ
ਕੀ ਇਹ ਰੱਬਾ ਲੇਖ ਨੇ ਮੇਰੇ
ਜਾਂ ਫਿਰ ਮੇਰੇ ਕਰਮ ਕਮਾਏ
ਲੇਖ ਨੇ ਤਾਂ ਵੀ, ਕਰਮ ਨੇ ਫਿਰ ਵੀ
ਸੱਭ ਤੇਰੇ ਹੀ ਝੋਲੀ ਪਾਏ
ਕਿਸੇ ਨੂੰ ਸਾਡੇ ਤੇ ਮਾਣ ਬੜਾ ਹੈ
ਕਿਸੇ ਨੂੰ ਗਿਲਾ ਹੈ ਡਾਢਾ
ਕੋਈ ਤਾਂ ਭੇਜ ਕੋਲ ਸਾਡੇ ਵੀ
ਸਾਡੀ ਸੁਣੇ, ਸਾਡਾ ਦੁੱਖ ਵੰਡਾਏ
ਕਿਸ ਨਾਲ ਕਰੀਏ ਗਿਲਾ
ਕਿਦ੍ਹੇ ਨਾਲ ਦੁੱਖ ਵੰਡਾਈਏ

+

(18-9-1996)

ਕੀ ਪਤਾ ?

ਕੀ ਪਤਾ ਸੱਜਣਾ
ਕਦੋਂ ਇਹ ਮੁੱਕਣੀਆਂ ਨੇ ਦੂਰੀਆਂ
ਆਸਾਂ ਵੀ ਨਹੀਂ ਮੁੱਕੀਆਂ
ਤੇ ਨਾ ਮੁੱਕਦੀਆਂ ਮਜਬੂਰੀਆਂ
ਹੱਥਾਂ 'ਚ ਹੱਥਕੜੀਆਂ ਨਹੀਂ
ਪੈਰਾਂ 'ਚ ਬੇੜੀਆਂ ਨਹੀਂ
ਅਦਿੱਖ ਜਿਹੀ ਜੱਕੜ੍ਹ 'ਚ ਹਾਂ
ਆਸਾਂ ਕਿਵੇਂ ਹੋਣ ਪੂਰੀਆਂ
ਮੌਸਮ ਬਦਲਦੇ ਬਦਲਦੇ
ਜੁੱਗ ਵੀ ਬਦਲ ਗਏ ਸੱਜਣ
ਪਰ ਬਦਲੀਆਂ ਨਾ ਸਾਡੇ ਹਿੱਸੇ
ਆਈਆਂ ਮਜਬੂਰੀਆਂ
ਅਧੂਰਾ ਜਿਹਾ ਬਚਪਨ ਮੇਰਾ
ਅਧੂਰੀ ਹੀ ਜਵਾਨੀ ਮਿਲੀ
ਦੋਸਤੀਆਂ, ਅਪਣੱਤਾਂ
ਸੱਭ ਮਿਲੀਆਂ, ਪਰ ਅਧੂਰੀਆਂ
ਕਾਲੀਆਂ ਵਿੱਚ ਤੁਰੇ ਸਾਂ
ਅੱਜ ਧੌਲੀਆਂ ਤੱਕ ਆ ਗਏ
ਓਹੀ ਨੇ ਅੱਜ ਵੀ ਫਾਸਲੇ
ਓਹੀ ਨੇ ਅੱਜ ਵੀ ਦੂਰੀਆਂ
ਕੀ ਪਤਾ ਸੱਜਣਾ
ਕਦੋਂ ਇਹ ਮੁੱਕਣੀਆਂ ਨੇ ਦੂਰੀਆਂ

+

(14-6-1997)

ਕਾਵਿ ਟੋਟੇ

ਮੇਰੀ ਬੱਚੀ, ਮੈਂ ਤੈਨੂੰ ਕੀ ਦਿਆਂ
ਦੁਆਵਾਂ ਤੋਂ ਬਿਨਾਂ
ਮੇਰੇ ਕੋਲ ਕੁਝ ਵੀ ਨਹੀਂ ਹੈ
ਸੁਭ ਇੱਛਾਵਾਂ ਤੋਂ ਬਿਨਾਂ

+

ਸਾਡੇ ਵਿਹੜੇ ਦਾ ਫੁੱਲ
ਸਦਾ ਖਿੜਿਆ ਰਹੇ, ਮਹਿਕਦਾ ਰਹੇ
ਕਿਸੇ ਦੀ ਨਜ਼ਰ ਨਾ ਲੱਗੇ
ਸਦਾ ਹੱਸਦਾ ਰਹੇ, ਟਹਿਕਦਾ ਰਹੇ
ਤੇਰੇ ਦੱਸਵੇਂ ਜਨਮ ਦਿਨ ਤੇ
ਬੇਟਾ ਇਹੀ ਹੈ ਅਰਦਾਸ ਮੇਰੀ
ਉਹ ਸੁਣੇਗਾ ਮੇਰੀ ਅਰਦਾਸ
ਇਹ ਮੇਰਾ ਯਕੀਨ ਹੈ, ਨਹੀਂ ਆਸ ਮੇਰੀ

+

ਇਹ ਕੇਹਾ ਮੌਸਮ ਹੈ
ਨਾ ਖੁਸ਼ੀ ਹੈ ਨਾ ਉਦਾਸੀ ਹੈ
ਕੋਲ ਮੇਰੇ ਪਿਆਰ ਦਾ ਸਮੁੰਦਰ ਹੈ
ਰੂਹ ਹੈ, ਕਿ ਫਿਰ ਵੀ ਪਿਆਸੀ ਹੈ

+

ਜ਼ਿੰਦਗੀ ਹੈ ਰੁਕੀ ਰੁਕੀ ਹੋਈ
ਇੱਛਾਵਾਂ ਨੇ ਕਿ ਰਫਤਾਰ ਦਾ ਹਿਸਾਬ ਨਹੀਂ
ਪੈਰ ਜੱਕੜੇ ਹੋਏ ਨੇ ਜ਼ੰਜੀਰਾਂ ਵਿੱਚ
ਸੋਚ ਹੈ, ਕਿ ਤਾਰਿਆਂ ਨੂੰ ਛੋਹੰਦੀ ਹੈ

+

ਲਫ਼ਜ਼ਾਂ ਦੀ ਕਮੀ ਨਹੀਂ ਕੋਈ
ਪਰ ਕਲਮ ਹੈ ਕਿ ਤੁਰਦੀ ਹੀ ਨਹੀਂ
ਨਜ਼ਮਾਂ ਦੇ ਸੰਗ ਉੱਠਾਂ ਬੈਠਾਂ
ਨਜ਼ਮਾਂ ਦੇ ਸੰਗ ਜਾਗਾਂ ਸੋਵਾਂ
ਪਰ ਨਜ਼ਮ ਹੈ, ਕਿ ਫੁਰਦੀ ਹੀ ਨਹੀਂ

+

ਅਸਮਾਨ ਹੈ ਬੱਦਲਾਂ ਨਾਲ ਭਰਿਆ ਭਰਿਆ
ਦਰਖੱਤ ਨੇਂ ਬਾਰਿਸ਼ ਨਾਲ ਨਾਤ੍ਰੇ ਨਾਤ੍ਰੇ
ਪੰਛੀ ਨੇ ਖੁਸ਼ੀਆਂ ਨਾਲ ਚਹਿਕਦੇ ਚਹਿਕਦੇ
ਬਸ ਇੱਕ ਮੈਂ ਵਾਂ ਕੱਲਾ ਤੇ ਉਦਾਸ ਉਦਾਸ
ਸੁਹਾਵਣਾ ਮੌਸਮ ਹੈ, ਖੂਬਸੂਰਤ ਮੰਜ਼ਰ ਹੈ
ਪਰ ਸਾਡੇ ਹਿੱਸੇ ਆਈ ਹੈ, ਇੱਕ ਪਿਆਸ ਪਿਆਸ

+

ਅਸੀਂ ਟੁੱਟੇ ਵੀ, ਅਸੀਂ ਜੁੜੇ ਵੀ
ਅਸੀਂ ਰੱਜੇ ਵੀ, ਅਸੀਂ ਥੁੜੇ ਵੀ
ਪਰ ਸਮਝ ਨਾ ਆਉਂਦੀ ਕੀ ਹਾਂ
ਅਸੀਂ ਕੀ ਹਾਂ, ਅਸੀਂ ਹਾਂ ਕੀ
ਅਸੀਂ ਜਿੱਤੇ ਵੀ, ਅਸੀਂ ਹਰੇ ਵੀ
ਅਸੀਂ ਜਿਊਂਦੇ ਵੀ, ਅਸੀਂ ਮਰੇ ਵੀ
ਪਰ ਸਮਝ ਨਾ ਆਉਂਦੀ ਕੀ ਹਾਂ
ਅਸੀਂ ਕੀ ਹਾਂ, ਅਸੀਂ ਹਾਂ ਕੀ

+

ਸੀਸ ਰੋਜ਼ ਲਹਿੰਦੇ ਨੇ
ਲਹੂ ਰੋਜ਼ ਡੁੱਲ੍ਹਦਾ ਹੈ
ਪਰ ਪਤਾ ਨਹੀਂ ਕੀ ਹੋਇਐ
ਹਾਫਿਜ਼ੇ ਨੂੰ ਸਾਡੇ
ਅੱਜ ਡੁੱਲ੍ਹਦਾ ਹੈ
ਤੇ ਕੱਲ ਨੂੰ ਭੁੱਲਦਾ ਹੈ

+

ਇਹ "ਦੱਲ" ਨੇ
ਕਿ ਇੱਕ ਤਮਾਸ਼ਾ ਨੇ
ਕਦੇ ਜੁੜਦੇ ਨੇ
ਕਦੇ ਟੁੱਟਦੇ ਨੇ
ਚੋਣਾਂ ਦੀ ਡੁੱਗਡੁਗੀ ਵੱਜੀ
ਦੇਖੋ ਪਏ ਖੁਭਾਂ ਵਾਂਗ ਫੁੱਟਦੇ ਨੇ
ਨਾ ਸੋਚ ਹੈ, ਨਾ ਸੰਘਰਸ਼ ਹੈ
ਨਾ ਵਾਅਦਿਆਂ ਦਾ ਪਾਸ ਹੈ
ਆਸਾਂ ਦੇ ਮਰਕਜ਼ ਜੋ ਬਣੇ
ਕੀਤਾ ਉਹਨਾਂ ਬੇਆਸ ਹੈ

+

ਸਾਡੇ ਹਿੱਸੇ ਕਿਹੀ ਵਿਸਾਖੀ ਆਈ ਹੈ
ਗੀਤ ਗਵਾਚੇ, ਰੁੱਸੇ ਹਾਸੇ
ਜਿੰਦ ਕੁਮਲਾਈ, ਰੂਹ ਸਾਡੀ ਮੁਰਜਾਈ ਹੈ
ਸਾਡੇ ਹਿੱਸੇ ਕਿਹੀ ਵਿਸਾਖੀ ਆਈ ਹੈ

+

ਦੁੱਖਾਂ ਦੀ ਉਮਰ ਇੰਨੀ ਲੰਮੀ
ਸੁੱਖਾਂ ਦੀ ਉਮਰ ਇੰਨੀ ਛੋਟੀ
ਕੁੱਝ ਹੋ ਗਿਆ ਹੈ ਤੀਲਾ ਤੀਲਾ
ਕੁੱਝ ਹੋ ਗਿਆ ਹੈ ਬੋਟੀ ਬੋਟੀ

+

ਜੱਦ ਵੀ ਅਸਾਂ ਹੱਸਣਾ ਚਾਹਿਆ
ਰੋੜ੍ਹਿਆਂ ਨੇ ਆ ਕੇ ਘੇਰ ਲਿਆ
ਜੱਦ ਉਸ ਦੇ ਦਿਨ ਫਿਰਨ ਲੱਗੇ
ਉਸ ਮੂੰਹ ਆਪਣਾ ਹੀ ਫੇਰ ਲਿਆ

+

ਨਜ਼ਰ ਹੈ ਕਿ ਢੂੰਡਦੀ ਰਹਿੰਦੀ ਹੈ ਕਿਸੇ ਨੂੰ
ਘਿਰ ਹੋਇਆ ਹੈ ਓਸ ਦਾ ਚਿਹਰਾ ਦਿੱਸੇ ਨੂੰ
ਇਹ ਜੋ ਲਿੱਖ ਰਿਹਾਂ, ਨਹੀਂ ਹਨ ਲਫ਼ਜ਼ ਮੇਰੇ
ਫੱਟ ਹੋਇਆ ਹੈ, ਨਵਾਂ ਇੱਕ ਜ਼ਖਮ ਕਿਸੇ ਨੂੰ

+

ਖੁਸ਼ੀਆਂ ਭਾਲਦੇ ਉਦਾਸੀਆਂ ਲੈ ਆਏ ਹਾਂ
ਖੁਸ਼ੀਆਂ ਨਾਲ ਕੀ ਨਾਤਾ ਹੋਣੈ ਸਾਡਾ
ਉਦਾਸ ਪਲਾਂ ਦੇ ਜਾਏ, ਉਦਾਸ ਸ਼ਹਿਰ ਦੇ ਵਾਸੀ
ਅਸੀਂ ਕੀ ਆਏ ਜੱਗ ਤੇ, ਕੀ ਨਾ ਮਾਏ ਆਏ ਹਾਂ

+

ਅਸੀਂ ਖੁਸ਼ੀਆਂ ਦਾ ਬੂਹਾ ਬਹੁਤ ਖੜਕਾਇਆ
ਦਿਨ ਢੱਲ ਗਿਆ
ਪਰ ਕੋਈ ਬਾਹਰ ਨਾ ਆਇਆ

+

ਓਧਰ ਕਿਣ ਮਿਣ ਹੁੰਦੀ ਰਹੀ
ਏਧਰ ਅਸੀਂ ਜਿਊਂਦੇ ਮਰਦੇ ਰਹੇ
ਤੈਨੂੰ ਦੱਸਾਂ ਕਿਵੇਂ ਯਾਰਾ
ਤੇਰੀ ਦੂਰੀ ਕਿੰਝ ਜਰਦੇ ਰਹੇ

+

ਜਿਹੜੇ ਭੁੱਲ ਜਾਂਦੇ, ਉਹ ਰੁੱਲ ਜਾਂਦੇ
ਉਹ ਕੋਢੀਆਂ ਵੱਟੇ ਤੁੱਲ ਜਾਂਦੇ
ਜਿਨ੍ਹਾਂ ਯਾਦ ਰਖਿਆ, ਉਹੀ ਯਾਦ ਰਹੇ
ਛੱਡ ਦੁਨੀਆਂ ਵੀ ਆਬਾਦ ਰਹੇ

+

ਅਸੀਂ ਚਾਨਣ ਦੇ ਵਿਓਪਾਰੀ
ਹਨੇਰੇ ਨਾਲ ਨਾਤਾ ਕੀ
ਅਸੀਂ ਆਜ਼ਾਦ ਰੂਹਾਂ ਹਾਂ
ਕਿਸੇ ਪਿੰਜਰੇ ਨੂੰ ਜਾਤਾ ਕੀ
ਭਾਵੇਂ ਸੋਨੇ ਦਾ ਹੋਵੇ
ਪਿੰਜਰਾ, ਐਪਰ ਫਿਰ ਵੀ ਪਿੰਜਰਾ ਹੈ
ਜੇ ਪੈਰੀਂ ਬੇੜੀਆਂ ਹੋਵਣ
ਤਾਂ ਕੰਗਲਾ ਕੀ, ਤੇ ਦਾਤਾ ਕੀ

+

ਉਹ ਜੋ ਕੱਲ ਅੱਖਾਂ ਵਿਛਾ ਕੇ ਬਹਿੰਦੇ ਸਨ
ਮੇਰੇ ਹਰ ਲਫ਼ਜ਼ ਨੂੰ ਉੱਠ ਕੇ ਜੀ ਆਇਆਂ ਕਹਿੰਦੇ ਸਨ
ਕਿਵੇਂ ਉਠਦਾ, ਬੈਠਦਾ, ਤੇ ਸੋਚਦਾ ਹੋਵੇਗਾ
ਯਾਦ ਕਰਦੇ, ਸੋਚਦੇ ਰਹਿੰਦੇ ਸਨ
ਅੱਜ ਲੱਗਦੈ ਸਭ ਨੇ ਆਪਣੇ ਦਰਵਾਜ਼ੇ ਭੀੜ ਲਏ ਹਨ
ਮੇਰੀ ਦਸਤੱਕ ਤੇ ਵੀ ਕੋਈ ਹੁੰਗਾਰਾ ਨਹੀਂ ਭਰਦਾ
ਮੇਰੀ ਸਮਝ ਦਾ ਹੈ ਕਸੂਰ, ਜਾਂ ਜੱਗ ਦਾ ਦਸਤੂਰ
ਵਕਤ ਬਦਲਦੇ ਹੀ, ਲੋਕੀਂ ਕਿਝ ਰੰਗ ਬਦਲ ਲੈਂਦੇ ਹਨ

+

ਜਿੰਨਾ ਖੁਸ਼ੀ ਪਿੱਛੇ ਦੌੜਦਾ ਹਾਂ
ਓਨਾ ਉਹ ਦੂਰ ਭੱਜਦੀ ਹੈ
ਨਾ ਮਿਲਿਆਂ ਭੁੱਖ ਲਹਿੰਦੀ ਹੈ
ਨਾ ਤਕਿਆਂ ਨਜ਼ਰ ਰੱਜਦੀ ਹੈ

+

ਅਸੀਂ ਖੁਸ਼ੀਆਂ ਭਾਲਦੇ ਭਾਲਦੇ ਯਾਰੋ
ਉਦਾਸੀਆਂ ਦੇ ਢੇਰ ਬੂਹੇ ਲਾਉਂਦੇ ਰਹੇ
ਅਸੀਂ ਹਾਸਿਆਂ ਦੀ ਆਸ ਜਿੱਥੋਂ ਵੀ ਲਾਈ
ਉਹ ਸਾਡੇ ਤੇ ਹੀ ਹੱਸ ਕੇ ਲੰਘ ਜਾਂਦੇ ਰਹੇ

+

ਦਿੱਲ ਦੇ ਵਿਹੜੇ ਵਿੱਚ
ਉਦਾਸ ਰੁੱਤ ਮੁੜ੍ਹ ਉਤਰ ਆਈ ਹੈ
ਸੁੰਨਾ ਵਿਹੜਾ ਹੈ
ਮੈਂ ਹਾਂ, ਮੇਰੀ ਤਨਹਾਈ ਹੈ
ਸੱਭ ਲਈ ਸੱਭ ਕੁੱਝ ਰੱਬਾ
ਤੇ ਮੇਰੇ ਲਈ ਕੁੱਝ ਵੀ ਨਹੀਂ
ਕਿਹਾ ਇਨਸਾਫ਼ ਹੈ ਤੇਰਾ
ਕੈਸੀ ਤੇਰੀ ਖੁਦਾਈ ਹੈ
ਦਿੱਲ ਦੇ ਵਿਹੜੇ ਵਿੱਚ
ਉਦਾਸ ਰੁੱਤ ਮੁੜ੍ਹ ਉਤਰ ਆਈ ਹੈ

+

ਕੋਈ ਦਰਦ ਵੰਡਾਵਣ ਵਾਲਾ ਦੇ
ਕੋਈ ਸੁਣਨ ਸੁਣਾਵਣ ਵਾਲਾ ਦੇ
ਗੱਲ ਲੱਗ ਹੰਝੂ ਕੇਰਨ ਲਈ
ਕੋਈ ਗੱਲ ਲਗਾਵਣ ਵਾਲਾ ਦੇ
ਕੋਈ ਤਾਂ ਦੇ, ਕੋਈ ਤਾਂ ਦੇ
ਕੋਈ ਦੇ ਰੱਬਾ, ਕੋਈ ਦੇ ਰੱਬਾ
ਕਿਝ ਜੀਣਾ ਚਾਹੀਏ ਜੱਗ ਅੰਦਰ
ਕੋਈ ਜਾਚ ਸਿਖਾਵਣ ਵਾਲਾ ਦੇ
ਕੋਈ ਦਰਦ ਵੰਡਾਵਣ ਵਾਲਾ ਦੇ
ਕੋਈ ਸੁਣਨ ਸੁਣਾਵਣ ਵਾਲਾ ਦੇ

+

ਜੱਦ ਦਿਨ ਹੀ ਨਹੀਂ ਬੀਤਦੇ
ਰਾਤਾਂ ਕਿਝ ਬਿਤਾਈਏ ਸੱਜਣਾ
ਦਿੱਲ ਤਾਂ ਦਿੱਲ ਹੈ
ਦਿੱਲ ਨੂੰ ਕਿਵੇਂ ਸਮਝਾਈਏ ਸੱਜਣਾ
ਬੀਤਦੇ ਬੀਤਦੇ
ਇਹ ਉਮਰ ਬੀਤ ਚੱਲੀ ਹੈ
ਤੂੰ ਹੀ ਦਸ, ਰੁਕੀਏ, ਉਡੀਕੀਏ
ਜਾਂ ਤੁਰ ਜਾਈਏ ਸੱਜਣਾ

+

ਕੀ ਜਾਣਾ ਕਿਓਂ ਖੁਸ਼ੀ
ਬੂਹੇ ਤੇ ਆਈ ਮੁੜ੍ਹ ਜਾਂਦੀ
ਉਦਾਸੀ ਕਿਸ ਕਦਰ ਆਪਣੀ ਹੈ ਯਾਰੋ
ਬਿਨ ਪੁੱਛੇ ਹੀ ਬੂਹਾ ਲੰਘ ਆਂਦੀ

+

ਕਦੇ ਕਦੇ ਇੰਝ ਲੱਗਦਾ ਹੈ
ਖੁਸ਼ੀ ਤੇ ਉਦਾਸੀ 'ਚ ਫਰਕ ਭੁੱਲ ਗਿਆ ਹਾਂ
ਕਦੇ ਹੱਸਦੇ ਹੱਸਦੇ ਰੋ ਪੈਨਾ
ਤੇ ਕਦੇ ਰੋਂਦੇ ਰੋਂਦੇ ਹੱਸ ਪੈਨਾ

+

ਮੈਂ ਕਿਸ ਨੂੰ ਕਹਾਂ ਮੇਰੇ ਤੇ ਕੀ ਬੀਤ ਰਹੀ ਹੈ
ਮੈਂ ਕਿਝ ਦੱਸਾਂ ਅੱਜ ਦੀ ਕਿਣ ਮਿਣ ਕਿਝ ਸਹੀ ਹੈ
ਉਦਾਸ ਕਵਿਤਾ ਕਹਿੰਦੇ ਕਹਿੰਦੇ ਥੱਕ ਗਿਆ ਹਾਂ
ਖੁਸ਼ੀ ਨੇ ਐਪਰ ਅੱਜ ਤੱਕ ਨਾ ਸਾਰ ਲਈ ਹੈ

+

ਸਾਡੇ ਹਿੱਸੇ

ਸਾਡੇ ਹਿੱਸੇ ਆਏ ਇਕਲਾਪੇ
ਗੱਲ ਲੱਗ ਮਿਲੇ ਵਿਛੋੜੇ
ਕਿਸਮੱਤ ਦੇ ਝਖੜਾਂ ਜੋ ਤੋੜੇ
ਕੋਣ ਉਹਨਾਂ ਨੂੰ ਜੋੜੇ

ਕੰਡਿਆਲੇ ਰਾਹਾਂ ਨੂੰ ਚੁਣਿਆਂ
ਜਿਹਨਾਂ ਠੋਕ ਕੇ ਚੱਕਾਂ
ਉਹਨਾਂ ਨੂੰ ਅੱਜ ਖ਼ੌਫ ਲਹੂ ਦਾ
ਕੀਕਣ ਪਿੱਛੇ ਮੋੜੇ

+

ਅਮਨ ਦੀ ਕੰਧ
(ਦਿੱਲੀ ਦੇ ਮਾਲਕਾਂ ਦੇ ਨਾਮ)

ਜੱਦ ਵੀ ਜਿੱਥੇ ਵੀ ਲਹੂ ਡੁੱਲ੍ਹਦਾ ਹੈ
ਮੇਰਾ ਅੰਦਰ ਹਮੇਸ਼ਾਂ ਹਿੱਲਦਾ ਹੈ
ਕੀ ਜਾਣਾ ਕਸੂਰ ਕਿਸ ਦਾ ਹੈ
ਸੋਚ ਦਾ ਹੈ, ਜਾਂ ਮੇਰੇ ਦਿੱਲ ਦਾ ਹੈ
ਜੰਗ ਵਿੱਚ ਸੱਭ ਜਾਇਜ਼ ਹੈ
ਉਹ ਕਹਿੰਦੇ ਨੇ
ਸਾਡੇ ਵਿਹੜ੍ਹੇ ਵੀ
ਦਰਿਆ ਲਹੂ ਦੇ ਵਹਿੰਦੇ ਨੇ
ਜੱਦ ਵੀ ਕੋਈ ਮੁਕਾਬਲਾ ਹੁੰਦੈ
ਇੰਤਹਾ ਪਸੰਦ ਜੱਦ ਵੀ ਮਾਰੇ ਜਾਂਦੇ
ਨੇ
ਨਵੇਂ ਕਰਜ਼ੇ ਸਿਰਾਂ ਤੇ ਚੜ੍ਹਦੇ ਨੇ
ਫਿਰ ਕਰਜ਼ੇ ਉਤਾਰੇ ਜਾਂਦੇ ਨੇ
ਹੰਝੂਆਂ, ਆਹਾਂ, ਤੇ ਕੁਰਲਾਟਾਂ ਦਾ
ਇੱਕ ਸਿਲਸਿਲਾ ਚਿਰਾਂ ਤੋਂ ਜਾਰੀ ਹੈ
ਜੰਗ ਤੁਸਾਂ ਦਾਅਵਿਆਂ ਬਾਦ ਜਿੱਤੀ ਨਹੀਂ
ਅਸਾਂ ਵੀ ਜੰਗ ਕੱਦ ਕੋਈ ਹਾਰੀ ਹੈ
ਅੱਜ ਜੇ ਤੁਸਾਂ ਆਪਣੀ ਫਤਿਹ ਸਮਝੀ ਹੈ
ਕਲ ਯਕੀਨਨ ਸਾਡੀ ਵਾਰੀ ਹੈ

....

ਜਿਸ ਦਿਨ ਤੁਸੀਂ ਇਹ ਸੋਚੋਗੇ
ਮਹਿਸੂਸ ਕਰੋਗੇ
ਉਸ ਦਿਨ ਅਮਨ ਦੀ ਕੰਧ ਦੀ
ਬੁਨਿਆਦ ਧਰੋਗੇ
ਬੁਝੇਗੀ ਅੱਗ,
ਲਹੂ ਦਾ ਵਹਿਣ ਵੀ ਰੁੱਕ ਜਾਏਗਾ
ਨਾ ਫਿਰ ਕੋਈ ਚੀਕ ਉੱਠੇਗੀ
ਨਾ ਕੋਈ ਕੁਰਲਾਏਗਾ
ਤੁਸੀਂ ਆਪਣੇ ਘਰ ਖੁਸ਼ ਰਹੋ
ਸਾਨੂੰ ਆਪਣੇ ਰਹਿਣ ਦਿਓ
ਤੁਹਾਡੇ ਹੱਥ ਹੈ
ਰੋਕੋ ਲਹੂ ਜਾਂ ਵਹਿਣ ਦਿਓ

+++++

ਜਾ ਕੇ ਤੱਕ ਪ੍ਰਦੇਸੀਆ, ਉਨ੍ਹਾਂ ਵਣਾਂ ਦੇ ਪਾਰ।
ਸੀਸ ਜਿਨ੍ਹਾਂ ਦੇ ਝੁਕੇ ਨਹੀਂ, ਦੇਖ ਖਰਾਦੇ ਬਾਰ।

ਹਾਂ, ਇਹ ਸਾਡਾ ਗਜਿੰਦਰ ਅੱਜ ਤੋਂ 25 ਸਾਲ ਪਹਿਲਾਂ ਅਜ਼ਾਦ ਫਿਜ਼ਾ ਵਿੱਚ ਸਾਹ ਲੈਣ ਦੀ ਰੀਝ ਨੂੰ ਲੈ ਕੇ ਉਡਦਾ-ਉਡਦਾ ਜਦੋਂ ਗਵਾਂਢੀ ਮੁਲਕ ਦੀ ਸਰਜ਼ਮੀਨ 'ਤੇ ਉਤਰਿਆ ਤਾਂ ਉਸਨੂੰ ਕਿਸਦੇ ਬਦਲੇ ਜੀਵਨ ਦਾ ਭੇਦ ਦਰਾਕਾ ਜੇਲ੍ਹ ਦੀਆਂ ਉੱਚੀਆਂ ਦੀਵਾਰਾਂ ਵਿੱਚ ਦਿਨ ਰਾਤ ਕੱਟਣ ਦਾ ਤੋਹਫਾ ਮਿਲਿਆ। 14 ਸਾਲ ਜੇਲ੍ਹ ਦੀਆਂ ਸੀਖਾਂ ਵਿੱਚ ਬੰਦ ਰਹਿਣ ਤੋਂ ਪਿੱਛੋਂ ਵੀ ਉਹ ਆਪਣੇ ਵਤਨ ਨਹੀਂ ਪਰਤ ਸਕਿਆ।

ਭਾਈ ਗਜਿੰਦਰ ਸਿੰਘ ਤੁਰਦਾ-ਫਿਰਦਾ ਇਤਿਹਾਸ ਹੈ। ਉਹ ਇਕ ਸੁਚੇਤ ਸੰਘਰਸ਼ ਦਾ ਪ੍ਰਤੀਕ ਹੈ, ਜਿਸ ਸੰਘਰਸ਼ ਵਿੱਚ ਸਿੱਖ ਵਿਚਾਰਧਾਰਾ ਨੂੰ ਸਰਵੋਤਮ ਸਥਾਨ ਹਾਸਲ ਹੈ।

ਉਸ ਨੇ ਸਿੱਖ ਵਿਚਾਰਧਾਰਾ ਦੇ ਮੁਹਾਜ਼ 'ਤੇ ਖਲੋ ਕੇ ਹੀ ਸੰਸਾਰ ਦੇ ਸਮਾਜਿਕ ਅਤੇ ਰਾਜਨੀਤਕ ਵਰਤਾਰਿਆਂ ਦੀ ਵਿਆਖਿਆ ਕੀਤੀ ਹੈ। ਜਿਹੜੀ ਕਵਿਤਾ ਵੀ ਉਸ ਨੇ ਰਚੀ ਉਹ ਵੀ ਇਸੇ ਨੁਕਤਾ-ਨਿਗਾਹ ਦੀ ਰਹਿਮਤ ਵਿਚੋਂ ਹੀ ਪੈਦਾ ਹੋਈ। ਸਿੱਖ ਤੇ ਸਿੱਖੀ ਦੇ ਨੁਕਤੇ ਤੋਂ ਉਹ ਇਕ ਪਲ ਲਈ ਵੀ ਲਾਂਭੇ ਨਹੀਂ ਹੋਇਆ ਅਤੇ ਨਾ ਹੀ ਇਸ ਦੀ ਮਹਾਨਤਾ ਅਤੇ ਮਹੱਤਤਾ ਤੋਂ ਕਦੇ ਉਸਦਾ ਸਿਦਕ ਡੋਲਿਆ ਹੈ।

ਚੜ੍ਹਦੀ ਜਵਾਨੀ ਵਿੱਚ ਉਹ ਬਹੁਤ ਕਾਹਲਾ ਸੀ ਕਿ ਇਹ ਚੇਤਨਾ ਇਕ ਤੂਫਾਨ ਬਣ ਕੇ ਸਾਰੇ ਖ਼ਾਲਸੇ ਨੂੰ ਆਪਣੀ ਲਪੇਟ ਵਿਚ ਲੈ ਲਏ ਪਰ ਉਸਨੂੰ ਖ਼ਾਲਸੇ ਦੀ ਸਮੂਹਿਕ-ਚੇਤਨਾ ਉਤੇ ਚੜ੍ਹੇ ਮਾਇਆ ਦੇ ਲੇਪ ਅਤੇ ਖ਼ਾਲਸੇ ਦੀ ਲੀਡਰਸ਼ਿਪ ਦੀਆਂ 'ਬਿਪਰਨ ਕੀ ਰੀਤ' ਵੱਲ ਮੁੜੀਆਂ ਮੁਹਾਰਾਂ ਦੀ ਡੂੰਘੀ ਖ਼ਬਰਸਾਰ ਨਹੀਂ ਸੀ ਜਾਂ ਇਉਂ ਕਹਿ ਲਵੋ ਕਿ ਉਸ ਨੂੰ ਇਸ ਗੁੰਝਲਦਾਰ ਮਾਜਰੇ ਦਾ ਧੁੰਦਲਾ ਜਿਹਾ ਅਨੁਭਵ ਸੀ। ਪਰ ਉਸ ਉਦਾਸ ਦੌਰ ਵਿੱਚ ਵੀ ਉਹ ਇਤਿਹਾਸ ਦਾ ਚੜ੍ਹਦਾ ਤੇ ਢਲਦਾ ਸੂਰਜ ਉਸਦੀ ਯਾਦ ਵਿੱਚ ਉਸਲਵੱਟੇ ਲੈਂਦਾ ਰਹਿੰਦਾ ਹੈ।

ਉਸਦੀ ਕਵਿਤਾ ਦੀ ਇਸ ਸਤਰ ਨੂੰ ਰਤਾ ਗਹੁ ਨਾਲ ਪੜ੍ਹੋ :-

ਜੰਗ ਹਿੰਦ ਪੰਜਾਬ ਦਾ ਮੁਕ ਹੋਸੀ, ਸਾਥੋਂ ਖੁਸੀਆਂ ਭਾਵੇਂ ਸਰਦਾਰੀਆਂ ਨੇ।
ਉਦੋਂ ਤਕ ਨਹੀਂ ਜੰਗ ਖਤਮ ਹੋਣੀ, ਜਦ ਤੱਕ ਜਿੱਤਦੀਆਂ ਨਹੀਂ, ਜਿਹੜੀਆਂ ਹਾਰੀਆਂ ਨੇ ॥

ਸਿੱਖ ਇਤਿਹਾਸ ਦੀ ਓਪਰੀ ਜਿਹੀ ਸਮਝ ਰੱਖਣ ਵਾਲੇ ਨੂੰ ਵੀ ਇਹ ਸਤਰਾਂ ਧੁਰ ਹਿਰਦੇ ਤੱਕ ਕੰਬਣੀ ਛੇੜ ਦਿੰਦੀਆਂ ਹਨ ਕਿਉਂਕਿ ਇਕੋ ਸਮੇਂ ਇਹ ਸਤਰਾਂ ਉਦਾਸੀ, ਚੁਣੌਤੀ ਤੇ ਖੁਸ਼ੀ ਦੇ ਭਾਵਾਂ ਦਾ ਸੰਚਾਰ ਕਰ ਦਿੰਦੀਆਂ ਹਨ। ਇਹ ਸਤਰਾਂ ਸਿੱਖ-ਯਾਦ ਨੂੰ 150 ਸਾਲ ਪਹਿਲਾਂ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਗੁਜਰਾਤ ਦੀ ਆਖਰੀ ਜੰਗ ਚੇਤੇ ਕਰਵਾਉਂਦੀਆ ਹਨ, ਜਿਸ ਵਿੱਚ ਸਿੱਖ ਫੌਜਾਂ ਹਾਰ ਗਈਆਂ ਸਨ ਅਤੇ ਅੰਗਰੇਜ਼ ਪੰਜਾਬ 'ਤੇ ਕਾਬਜ਼ ਹੋ ਗਏ ਸਨ। ਕੀ ਇਹ ਸਤਰਾਂ ਪੜ੍ਹ ਕੇ ਇਉਂ ਨਹੀਂ ਲਗਦਾ ਜਿਵੇਂ ਕੁਝ ਪਲਾਂ ਲਈ ਸ਼ਾਹ ਮੁਹੰਮਦ ਦੀ ਰੂਹ ਦਾ ਦਰਦ ਗਜਿੰਦਰ ਸਿੰਘ ਵਿੱਚ ਪ੍ਰਵੇਸ਼ ਕਰ ਗਿਆ ਹੋਵੇ ?

ਪਰ ਸਾਡੇ ਇਸ ਗਜਿੰਦਰ ਦੀ ਰੂਹ ਤਾਂ ਉਦੋਂ ਤੱਕ ਬੇਚੈਨ ਰਹੇਗੀ ਜਦੋਂ ਤੱਕ ਹਾਰ ਜਾਣ ਵਾਲੇ ਜਿੱਤ ਨਹੀਂ ਜਾਂਦੇ। ਬੱਸ, ਇਸ ਹਾਰ ਨੂੰ ਜਿੱਤ ਵਿੱਚ ਬਦਲਣ ਦੀ ਰੀਝ ਨੇ ਹੀ ਇਕ ਦਿਨ ਉਸ ਨੂੰ ਲੰਮੀਆਂ ਵਾਟਾਂ 'ਤੇ ਤੋਰ ਦਿੱਤਾ ... ਤੇ ਉਹ ਤੁਰਿਆ ਜਾ ਰਿਹਾ ਹੈ। ਉਸਦਾ ਰੁਕਣਾ ਵੀ ਘੜੀ-ਪਲ ਸਾਹ ਲੈਣਾ ਹੀ ਹੈ।

ਖ਼ਾਲਸਾ ਪੰਥ ਦੇ ਇਸ ਅਨਮੋਲ ਹੀਰੇ ਨੇ ਲੰਮੀ ਲੜਾਈ ਕੀਤੀ ਹੈ। ਉਸ ਨੇ ਕੋਟ ਲਖਪਤ ਰਾਏ ਦੀ ਜੇਲ੍ਹ ਵਿਚ 14 ਸਾਲ ਗੁਜ਼ਾਰੇ ਹਨ। ਇਹ ਸਮਾਂ ਥੋੜ੍ਹਾ ਨਹੀਂ ਹੁੰਦਾ। ਪਰ ਇਹ ਸਮਾਂ ਆਪਣੇ ਆਪ ਵਿਚ ਮਹਾਨ ਵੀ ਹੁੰਦਾ ਹੈ। ਜਦੋਂ ਉਹ ਬੇਗਾਨੀ ਧਰਤੀ 'ਤੇ ਉਤਰਿਆ ਸੀ, ਉਸ ਦੀ ਇਕੋ ਇਕ ਲਾਡਲੀ ਧੀ ਮਸਾਂ 6 ਕੁ ਮਹੀਨੇ ਦੀ ਸੀ। ਹੁਣ ਉਹ ਬਹੁਤ ਵੱਡੀ ਹੋ ਗਈ ਹੈ। ਟੈਗੋਰ ਦੇ 'ਕਾਬਲੀਵਾਲੇ' ਦੀ ਧੀ ਤੋਂ ਵੀ ਵੱਡੀ .... ਭਾਈ ਗਜਿੰਦਰ ਸਿੰਘ ਦਾ ਸੰਘਰਸ਼ ਲੰਮਾ ਹੈ, ਔਖਾ ਵੀ ਹੈ, ਗੁੰਝਲਦਾਰ ਵੀ ਹੈ। ਇਹ ਸਿੱਧ-ਪੱਧਰਾ ਵੀ ਨਹੀਂ ਸਗੋਂ ਡਾਂਡੇ-ਮੀਂਡੇ ਰਾਹਾਂ ਵਾਲਾ, ਵਿੰਗ-ਵਲੇਂਵੇਂ ਖਾਂਦਾ ਰਾਹ ਹੈ। ਪਰ ਫਿਰ ਵੀ ਕੀ ਹੋਇਆ ? ਗੌਰਨਾਂ ਲੋਕਾਂ ਦੇ ਸੰਘਰਸ਼ ਵੀ ਤਾਂ ਇਉਂ ਹੀ ਲਮਕੇ ਹਨ। ਕੀ ਨੈਲਸਨ ਮੰਡੇਲਾ ਤਿੰਨ ਦਹਾਕੇ ਜੇਲ੍ਹਾਂ ਵਿੱਚ ਨਹੀਂ ਰੁਲਿਆ? ਕੀ ਖੋਮੈਨੀ ਜਲਾਵਤਨੀ ਦੌਰਾਨ ਵੀ ਪੈਰਿਸ ਤੋਂ ਕੈਸਟਾਂ ਰਾਹੀਂ ਆਪਣੀ ਕੌਮ ਦੇ ਨਾਂ ਸੰਦੇਸ਼ ਨਹੀਂ ਸੀ ਘੱਲਦਾ ਰਿਹਾ ? ਕਿ ਲੈਨਿਨ ਜਲਾਵਤਨੀ ਦੌਰਾਨ ਵੀ ਆਪਣੀ ਪਾਰਟੀ ਦੇ ਲੋਕਾਂ ਨਾਲ ਨਹੀਂ ਜੁੜਿਆ ਰਿਹਾ ? ਕੀ ਬਰਮਾ ਦੀ ਸੂਕੀ ਲੰਮੀ ਨਜ਼ਰਬੰਦੀ ਦੌਰਾਨ ਵੀ ਜੱਦੋਜਹਿਦ ਜਾਰੀ ਨਹੀਂ ਰੱਖ ਰਹੀ ? ਕੀ ਖ਼ਾਲਸੇ ਦੀ ਸਿਰਜਣਾ ਲਈ ਵੀ 250 ਸਾਲ ਨਹੀਂ ਸੀ ਲੱਗ ਗਏ ? ਇਥੇ ਰੂਸ ਵਿੱਚ 19 ਵੀਂ ਸਦੀ ਦੇ ਪਹਿਲੇ ਅੱਧ ਵਿੱਚ ਜਬਰ ਦੇ ਖਿਲਾਫ ਜੂਝਣ ਤੇ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਨੂੰ ਸਾਇਬੇਰੀਆ ਦੇ ਅਤਿ ਠੰਡੇ ਯੱਖ ਇਲਾਕੇ ਵਿੱਚ ਜਲਾਵਤਨ ਕਰ ਦਿੱਤਾ ਗਿਆ ਸੀ। ਭਾਈ ਸਾਹਿਬ ਆਪਣੀ ਇਕ ਕਵਿਤਾ ਵਿਚ ਕੌਮ ਨੂੰ ਇੰਝ ਕਹਿ ਰਹੇ ਹਨ :

ਟੁੱਟ ਜਾਣਾ ਭਾਰੀ ਜੰਜ਼ੀਰਾਂ, ਹੱਥਕੜੀਆਂ ਨੇ ਲਹਿ ਜਾਣਾ। ਗਿਰ ਪੈਣਾ ਜੇਲ੍ਹਾਂ ਦੀਆਂ ਕੰਧਾਂ, ਕਾਲ ਕੋਠੀਆਂ ਢਹਿ ਜਾਣਾ।
ਕਰਨੀ ਹੈ ਤਲਵਾਰ ਤੁਹਾਨੂੰ ਭੇਟਾ ਫੇਰ ਭਰਾਵਾਂ ਨੇ, ਅਤੇ ਬਰੂਹਾਂ ਵਿਚ ਤੁਹਾਡਾ ਕਰਨ ਮੁਬਾਰਕ ਬਹਿ ਜਾਣਾ।

ਭਾਈ ਗਜਿੰਦਰ ਸਿੰਘ ਜਿਥੇ ਵੀ ਹੋਵੇ, ਉਥੇ ਹੀ ਖ਼ਾਲਸਾ ਪੰਥ ਦਾ ਅਵਚੇਤਨ ਤੇ ਨਿਰਮਲ ਹਿੱਸਾ ਉਸਦਾ ਸਦਾ ਹਮਸਫਰ ਰਹੇਗਾ, ਭਾਵੇਂ ਇਹ ਗੱਲ ਵਖਰੀ ਹੈ ਕਿ ਖ਼ਾਲਸਾ ਪੰਥ ਦਾ ਸੁਚੇਤ ਹਿੱਸਾ ਅਜੇ ਡੂੰਘੀਆਂ ਨੀਂਦਰਾਂ ਵਿਚ ਗਵਾਚ ਗਿਆ ਹੈ।

—ਸ. ਕਰਮਜੀਤ ਸਿੰਘ ਚੰਡੀਗੜ੍ਹ ਵੱਲੋਂ
ਭਾਈ ਸਾਹਿਬ ਬਾਰੇ ਲਿਖੇ ਇਕ ਲੇਖ ਵਿੱਚੋਂ ਕੁਝ ਅੰਸ਼